ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 110 | Monday, June 06, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਟੈਨੇਸੀ ਵਿਚ ਹੋਈ ਸ਼ੂਟਿੰਗ ਵਿਚ 3 ਹਲਾਕ, 14 ਜ਼ਖ਼ਮੀ



ਟੈਨੇਸੀ, 6 ਜੂਨ (ਪੋਸਟ ਬਿਊਰੋ) : ਐਤਵਾਰ ਨੂੰ ਟੈਨੇਸੀ ਦੇ ਨਾਈਟਕਲੱਬ ਨੇੜੇ ਹੋਈ ਸ਼ੂਟਿੰਗ ਵਿੱਚ ਤਿੰਨ ਲੋਕ ਮਾਰੇ ਗਏ ਜਦਕਿ 14 ਹੋਰ ਜ਼ਖ਼ਮੀ ਹੋ ਗਏ।ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਚੱਟਾਨੂਗਾ ਪੁਲਿਸ ਚੀਫ ਸੈਲੈਸਟੇ ਮਰਫੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 14 ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਏ ਜਦਕਿ ਤਿੰਨ ਵੱਲੋਂ ਜਦੋਂ ਮੌਕੇ ਤੋਂ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਗਈ ਤਾਂ ਹਮਲਾਵਰਾਂ ਵੱਲੋਂ ਉਨ੍ਹਾਂ ਉੱਤੇ ਗੱਡੀ ਚੜ੍ਹਾ ਦਿੱਤੀ ਗਈ। ਗੋਲੀ ਲੱਗਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਮਾਰਿਆ ਗਿਆ। ਹਾਦਸੇ ਦਾ ਸ਼ਿਕਾਰ ਹੋਣ ਵਾਲਿਆਂ ਵਿੱਚ ਸੋਲਾਂ ਬਾਲਗ ਸਨ ਤੇ ਇੱਕ ਨਾਬਾਲਗ ਵਿਅਕਤੀ ਸੀ। ਕਈਆਂ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਇੱਕ ਨਾਈਟਕਲੱਬ ਦੇ ਨੇੜੇ ਮੈਕੈਲੀ ਐਵਨਿਊ ਵਿੱਚ ਤੜ੍ਹਕੇ 2:42 ਉੱਤੇ ਹੋਈ ਸ਼ੂਟਿੰਗ ਦੀ ਖਬਰ ਮਿਲਣ ਤੋਂ ਬਾਅਦ ਪੁਲਿਸ ਮੌਕੇ ਉੱਤੇ ਪਹੁੰਚੀ। ਮੌਕੇ ਉੱਤੇ ਪੁਲਿਸ ਨੂੰ ਗੋਲੀ ਲੱਗਣ ਕਾਰਨ ਕਈ ਲੋਕ ਜ਼ਖ਼ਮੀ ਹਾਲਤ ਵਿੱਚ ਮਿਲੇ। ਪਤਾ ਲੱਗਿਆ ਹੈ ਕਿ ਇਹ ਗੋਲੀਆਂ ਕਈ ਲੋਕਾਂ ਵੱਲੋਂ ਚਲਾਈਆਂ ਗਈਆਂ। ਹਾਲਾਂਕਿ ਹਾਲ ਦੀ ਘੜੀ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਸ਼ੂਟਿੰਗ ਕਿਉਂ ਕੀਤੀ ਗਈ ਪਰ ਹਾਸਲ ਹੋਈ ਜਾਣਕਾਰੀ ਅਨੁਸਾਰ ਡਾਊਨਟਾਊਨ ਚੱਟਾਨੂਗਾ ਬਿਜ਼ਨਸ ਡਿਸਟ੍ਰਿਕਟ ਵਿੱਚ ਦੋ ਧੜਿਆਂ ਵਿੱਚ ਚੱਲੀਆਂ ਗੋਲੀਆਂ ਕਾਰਨ ਛੇ ਨੌਜਵਾਨਾਂ ਦੇ ਜ਼ਖ਼ਮੀ ਹੋਣ ਤੋਂ ਬਾਅਦ ਇਹ ਸ਼ੂਟਿੰਗ ਹੋਈ।

# ਮੁੱਖ ਮੰਤਰੀ ਭਗਵੰਤ ਮਾਨ ਦੀ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਨਾਲ ਬੰਦ ਕਮਰਾ ਮੁਲਾਕਾਤ

## * ਦਰਬਾਰ ਸਾਹਿਬ ਕੰਪਲੈਕਸ ਵਿੱਚ ਦੋ ਘੰਟੇ ਦੇ ਕਰੀਬ ਗੁਜ਼ਾਰੇ



ਅੰਮ੍ਰਿਤਸਰ, 5 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸਵਿੱਚਅੱਜ ਤਕਰੀਬਨ ਦੋ ਘੰਟੇ ਸਮਾਂ ਬਤੀਤ ਕੀਤਾ, ਜਿਸ ਦੌਰਾਨਉਹ ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿਖੇ ਨਤਮ-ਸਤਕ ਹੋਏ ਤੇ ਉਸ ਪਿੱਛੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਢਾਡੀ ਜਥੇ ਤੋਂ ਉਨ੍ਹਾਂ ਨੇ ਢਾਡੀ ਵਾਰਾਂ ਸਰਵਣ ਕੀਤੀਆਂ। ਉਨ੍ਹਾਂ ਨੇ ਢਾਡੀ ਜਥਾ ਭਾਈ ਸ਼ਰਨਜੀਤ ਸਿੰਘ ਝਬਾਲ ਨੂੰ ਪੰਜ ਸੌ ਰੁਪਏ ਭੇਟਾ ਵੀ ਦਿੱਤੀ।

ਇਸ ਦੇ ਬਾਅਦ ਭਗਵੰਤ ਮਾਨ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨਾਲ ਸੈਕਟਰੀਏਟ ਦੇ ਉੱਪਰ ਰਿਹਾਇਸ਼ਵਿੱਚ ਬੰਦ ਕਮਰਾ ਬੈਠਕ ਕੀਤੀ, ਜਿਸਮੌਕੇਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂਮੁੱਖ ਮੰਤਰੀ ਨੂੰ ਦਰਬਾਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਤ ਕੀਤਾ ਗਿਆ।ਜਥੇਦਾਰ ਨਾਲ ਮੀਟਿੰਗ ਕਰਨ ਪਿੱਛੋਂ ਭਗਵੰਤ ਮਾਨ ਨੇ ਜਾਂਦੇ ਸਮੇਂ ਪੱਤਰਕਾਰਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਅਤੇ ਚੁੱਪ-ਚਾਪ ਚਲੇ ਗਏ।ਮੀਟਿੰਗ ਬਾਰੇ ਪੁੱਛੇ ਜਾਣ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਪੀ ਏ ਨੇ ਕਿਹਾ ਕਿ ਜਥੇਦਾਰ ਸਾਹਿ-ਬਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਮੀਟਿੰਗ ਬਹੁਤ ਵਧੀਆ ਹਾਲਾਤ ਵਿੱਚ ਹੋਈ ਸੀ, ਪਰਬੰਦ ਕਮਰਾ ਮੀਟਿੰਗ ਬਾਰੇ ਉਨ੍ਹਾਂ ਨੂੰ ਵੀ ਬਹੁਤੀ ਜਾਣਕਾਰੀ ਨਹੀਂ ਹੈ।

ਅਪਰੇਸ਼ਨ ਬਲਿਊ ਸਟਾਰ ਦੀ ਬਰਸੀ ਤੋਂ ਸਿਰਫ ਇੱਕ ਦਿਨ ਪਹਿਲਾਂ ਸ੍ਰੀ ਹਰਮੰਦਿਰ ਸਾਹਿਬ ਆਏਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਦਰਬਾਰ ਸਾਹਿਬ ਅੰਦਰਲੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ।ਮੁੱਖ ਮੰਤਰੀ ਭਗਵੰਤ ਮਾਨ ਨਾਲ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੀ ਸਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂਸੈਕਟਰੀ ਪ੍ਰਤਾਪ ਸਿੰਘ ਅਤੇ ਸੂਚਨਾ ਅਧਿਕਾਰੀ ਜਸਵਿੰਦਰ ਸਿੰਘ ਜੱਸੀ ਵੀ ਉਨ੍ਹਾਂ ਦੇ ਨਾਲ-ਨਾਲ ਰਹੇ।

ਵਰਨਣ ਯੋਗ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੀ ਸੁਰੱਖਿਆ ਬਾਰੇ ਬੀਤੇ ਦਿਨੀਂ ਕੁਝ ਵਿਵਾਦ ਖੜਾ ਹੋ ਗਿਆ ਸੀ ਅਤੇ ਚਰਚਾ ਹੈ ਕਿ ਮੁੱਖ ਮੰਤਰੀ ਨੇ ਇਸ ਵਿਸ਼ੇ ਉਤੇ ਵੀ ਜਥੇਦਾਰ ਨਾਲ ਗੱਲਬਾਤ ਕੀਤੀ ਹੈ।ਅਪਰੇਸ਼ਨ ਬਲਿਊ ਸਟਾਰ ਦੀ ਬਰਸੀ ਮੌਕੇ ਕਿਸੇ ਅਣਸੁਖਾਵੀਂ ਘਟਨਾ ਦੇ ਡਰ ਕਾਰਨ ਹਰ ਪਾਸੇ ਸਖ਼ਤੀ ਵਰਤੀ ਜਾ ਰਹੀ ਹੋਣ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦਾ ਅਚਾਨਕ ਏਥੇ ਆਉਣਾ ਕਈ ਲੋਕਾਂ ਲਈ ਹੈਰਾਨੀ ਵਾਲਾ ਸੀ।

# ਪਾਣੀ ਵਿੱਚ ਡੁੱਬਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ



ਮਿਸੀਸਾਗਾ, 5 ਜੂਨ (ਪੋਸਟ ਬਿਊਰੋ) : ਇਸ ਵੀਕੈਂਡ ਵੈਲਿੰਗਟਨ ਕਾਊਂਟੀ ਵਿੱਚ ਮਿਸੀਸਾਗਾ ਦੇ ਵਿਅਕਤੀ ਦੀ ਡੁੱਬ ਜਾਣ ਕਾਰਨ ਹੋਈ ਮੌਤ ਦੀ ਜਾਂਚ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।

ਸ਼ਨਿੱਚਰਵਾਰ ਨੂੰ ਸ਼ਾਮੀਂ 6:20 ਉੱਤੇ ਪੁਲਿਸ ਨੂੰ ਰੌਕਵੁੱਡ ਵਿੱਚ ਗ੍ਰੈਂਡ ਰਿਵਰ ਕੰਜ਼ਰਵੇਸ਼ਨ ਅਥਾਰਟੀ ਵਿਖੇ ਇੱਕ ਵਿਅਕਤੀ ਦੇ ਡੁੱਬਣ ਦੀ ਖਬਰ ਮਿਲੀ। ਇਸ ਤੋਂ ਤੁਰੰਤ ਬਾਅਦ ਪੁਲਿਸ ਮੌਕੇ ਉੱਤੇ ਪਹੁੰਚੀ।ਪੁਲਿਸ ਨੇ ਦੱਸਿਆ ਕਿ ਇੱਕ ਬੋਟ ਦੇ ਡੁੱਬ ਜਾਣ ਕਾਰਨ ਉਸ ਉੱਤੇ ਸਵਾਰ ਪਿਓ-ਧੀ ਪਾਣੀ ਵਿੱਚ ਜਾ ਡਿੱਗੇ। ਨੇੜੇ ਖੜ੍ਹੇ ਲੋਕਾਂ ਵੱਲੋਂ ਦੋਵਾਂ ਨੂੰ ਪਾਣੀ ਵਿੱਚੋਂ ਬਾਹਰ ਕੱਢ ਲਿਆ ਗਿਆ। ਐਮਰਜੰਸੀ ਅਮਲੇ ਨੇ ਮੌਕੇ ਉੱਤੇ ਪਹੁੰਚ ਕੇ ਸੱਤ ਸਾਲਾ ਬੱਚੀ ਦਾ ਇਲਾਜ ਕੀਤਾ ਤੇ ਉਸ ਨੂੰ ਬਚਾਅ ਲਿਆ।

ਇਸ ਦੌਰਾਨ 33 ਸਾਲਾ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਉਸ ਦੀ ਮੌਤ ਹੋ ਗਈ। ਓਪੀਪੀ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਟਾਊਨਹਾਊਸ ਕੰਪਲੈਕਸ ਵਿੱਚ ਲੱਗੀ ਅੱਗ



ਮਿਸੀਸਾਗਾ, 5 ਜੂਨ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਮਿਸੀਸਾਗਾ ਦੇ ਟਾਊਨਹਾਊਸ ਕਾਂਪਲੈਕਸ ਵਿੱਚ ਅੱਗ ਲੱਗ ਜਾਣ ਕਾਰਨ ਕਈ ਘਰਾਂ ਨੂੰ ਖਾਲੀ ਕਰਵਾ ਲਿਆ ਗਿਆ।

ਅੱਗ ਉੱਤੇ ਕਾਬੂ ਪਾਏ ਜਾਣ ਲਈ ਕਈ ਫਾਇਰ ਟਰੱਕ ਸੱਦੇ ਗਏ। ਇਸ ਦੌਰਾਨ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਇਹ ਅੱਗ ਗਲੈਨ ਐਰਿਨ ਡਰਾਈਵ ਤੇ ਮੈਡੋਵਾਲ ਟਾਊਨ ਸੈਂਟਰ ਸਰਕਲ ਵਾਲੇ ਇਲਾਕੇ ਵਿੱਚ ਦੁਪਹਿਰੇ 2:00 ਵਜੇ ਤੋਂ ਬਾਅਦ ਲੱਗੀ। ਇਸ ਇਲਾਕੇ ਵਿੱਚ ਮੌਜੂਦ ਡਰਾਈਵਰਾਂ ਨੂੰ ਬਦਲਵੇਂ ਰੂਟ ਤੋਂ ਜਾਣ ਲਈ ਆਖਿਆ ਗਿਆ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਅੱਗ ਕਿਉਂ ਲੱਗੀ।


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
Life Insurance • Critical illness Ins • Travel & Visitor Ins • RESP & TFSA & RRSP
Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance • Mortgage Insurance • Life Insurance • Visitor & Travel Insurance • RESP(Education Plan) • Critical Illness Insurance
RANJIT GILL Insurance Advisor
416-724-5000

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR
HOME & APPLIANCES
Deal Price
PRICE $6899 +TAX
Deal
OF THE WEEK
KitchenAid
moffat
MAYTAG
LG
SAMSUNG
Electrolux
JENNAIR
BOSCH
Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London On N6H 5L8 519-641-1010
WWW.OURRHOMEAPPLIANCES.COM
(416) 792-0877
(416) 551 334


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
chatr™
AUTHORIZED DEALER
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਅਣਗੌਲੇ ਕੀਤੇ ਜਾਂ ਚੋਣਾਂ ਵਿੱਚ ਹਾਰ ਚੁੱਕੇ,
ਭਾਜਪਾ ਵਿੱਚ ਕਈ ਲੀਡਰ ਨੇ ਗਏ ਭਾਈ।
ਖੁੱਸ ਗਈ ਚੌਧਰ ਸੀ, ਰਿਹਾ ਨਾ ਕੱਖ ਪੱਲੇ,
ਕਾਂਗਰਸ ਅੰਦਰ ਵੀ ਖੂੰਜੇ ਸਨ ਪਏ ਭਾਈ।
ਨਵੀਂ ਸਰਕਾਰ ਵੀ ਸੁਣੀ ਜਦ ਪਾਊ ਘੇਰਾ,
ਠਾਹਰ ਸਿਆਸੀ ਵੀ ਕੋਈ ਨਾ ਦਏ ਭਾਈ।
ਕਰਿਆ ਤਰਲਾ ਜਦ ਭਾਜਪਾ ਆਗੂਆਂ ਦਾ,
ਆਏ ਸ਼ਰਣ ਫਿਰ ਉਨ੍ਹਾਂ ਇਹ ਲਏ ਭਾਈ।
ਕਾਣੀ ਕੌਡੀ ਦੀ ਇੱਜ਼ਤ ਨਹੀਂ ਰਹੀ ਪਿੱਛੇ,
ਹੋਣਾ ਓਧਰ ਨਹੀਂਮਾਣ-ਸਨਮਾਨਭਾਈ।
ਭਲੇ ਦਿਨਾਂ ਲਈ ਵੇਖਦਿਆਂ ਝੂਠ ਸੁਫਨਾ,
ਕਰਨਾ ਪੈਣਾ ਹੈ ਆਖਰ ਗੁਜ਼ਰਾਨ ਭਾਈ।

**ਤੀਸ ਮਾਰ ਖਾਂ**

# ਕਾਂਗਰਸੀ ਆਗੂਆਂ ਦੇ ਭਾਜਪਾ ਵਿੱਚ ਜਾਣ ਤੋਂ ਕੈਪਟਨ ਅਮਰਿੰਦਰ ਖੁਸ਼

*** ਭਾਜਪਾ ਨੂੰ ਸਾਬਕਾ ਮੰਤਰੀਆਂ ਦੀਆਂ ਫਾਈਲਾਂ ਦੇਣ ਦੀ ਵੀ ਚਰਚਾ**



ਚੰਡੀਗੜ੍ਹ, 5 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੰਤਰੀਆਂ ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ, ਸੁੰਦਰ ਸ਼ਾਮ ਅਰੋੜਾ,ਡਾ: ਰਾਜ ਕੁਮਾਰ ਵੇਰਕਾਅਤੇ ਕੇਵਲ ਸਿੰਘ ਢਿੱਲੋਂ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਉਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੁਭਕਾਮਨਾਵਾਂ ਦਿੱਤੀਆਂ ਹਨ।ਕੈਪਟਨ ਅਮਰਿੰਦਰ ਸਿੰਘ ਨੇ ਇਸ ਬਾਰੇਇੱਕ ਟਵੀਟ ਕਰਦਿਆਂ ਲਿਖਿਆ ਕਿ 'ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ, ਡਾ: ਰਾਜ ਕੁਮਾਰ ਵੇਰਕਾ, ਸੁੰਦਰ ਸ਼ਾਮ ਅਰੋੜਾ ਅਤੇ ਕੇਵਲ ਸਿੰਘ ਢਿੱਲੋਂ ਨੂੰ ਸਹੀ ਦਿਸ਼ਾ ਵੱਲ ਕਦਮ ਪੁੱਟਣ ਅਤੇ ਅੱਜ ਭਾਜਪਾਵਿੱਚ ਸ਼ਾਮਲ ਹੋਣ ਲਈ ਮੇਰੀਆਂ ਸੁਭਕਾਮਨਾਵਾਂ।' ਇਸ ਦੇ ਨਾਲ ਇਹ ਵੀ ਚਰਚਾ ਹੈ ਕਿ ਇਨ੍ਹਾਂ ਸਾਰਿਆਂ ਦੇ ਕਾਂਗਰਸ ਛੱਡਣ ਅਤੇ ਭਾਜਪਾ ਵਿੱਚ ਜਾਣ ਦੇ ਹਾਲਾਤ ਇਸ ਲਈ ਪੈਦਾ ਹੋਏ ਹਨ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਦੀਆਂ ਕੁਝ ਫਾਈਲਾਂ ਭਾਜਪਾ ਦੀ ਲੀਡਰਸ਼ਿਪ ਨੂੰ ਦਿੱਤੀਆਂ ਹੋ ਸਕਦੀਆਂ ਹਨ।

ਵਰਨਣ ਯੋਗ ਹੈ ਕਿ ਪੰਜਾਬ ਦੇ ਚਾਰ ਸਾਬਕਾ ਕਾਂਗਰਸੀ ਮੰਤਰੀਆਂ, ਸਾਬਕਾ ਵਿਧਾਇਕਾਂ ਤੇ ਅਕਾਲੀ ਦਲ ਦੇ ਦੋ ਸਾਬਕਾ ਮੰਤਰੀਆਂ ਨੇ ਭਾਜਪਾ ਵਿੱਚ ਇਕੱਠੇ ਸ਼ਾਮਲ ਹੋ ਕੇ ਇਸ ਪੰਜਾਬ ਇੱਕੋ ਦਿਨਹੋਈ ਸਭ ਤੋਂ ਵੱਡੀ ਦਲਬਦਲੀ ਦਾ ਰਿਕਾਰਡ ਬਣਾਇਆ ਹੋ ਸਕਦਾ ਹੈ। ਭਾਜਪਾ ਵਿਚ ਸ਼ਾਮਲ ਹੋਣ ਵਾਲੇ ਕਾਂਗਰਸ ਆਗੂ ਪਿਛਲੇ ਪੰਜ ਸਾਲਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਜਾਂ ਚਰਨਜੀਤ ਸਿੰਘ ਚੰਨੀ ਵਾਲੀਆਂ ਕਾਂਗਰਸ ਸਰਕਾਰ ਦੇ ਰਾਜਮੌਕੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਵੀ ਘਿਰੇ ਰਹੇ ਹਨ ਅਤੇ ਉਨ੍ਹਾਂ ਦੇ ਖਿਲਾਫ ਕਾਰਵਾਈ ਹੋਣ ਦੇ ਚਰਚੇ ਵੀ ਚੱਲ ਰਹੇ ਸਨ।

ਦੂਸਰੇ ਪਾਸੇ ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਹੈ ਕਿ ਭਾਜਪਾ ਵਿੱਚਗਏ ਕਾਂਗਰਸ ਦੇ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ, ਸ਼ਾਮ ਸੁੰਦਰ ਅਰੋੜਾ, ਰਾਜ ਕੁਮਾਰ ਵੇਰਕਾ ਅਤੇ ਵਿਧਾਇਕ ਕੇਵਲ ਸਿੰਘ ਢਿੱਲੋਂ ਕਾਂਗਰਸੀ ਰਾਜ ਦੌਰਾਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਰਹੇ ਹਨ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੇ ਰਾਜ ਦੌਰਾਨ ਕਈ ਮੰਤਰੀਆਂ ਦੇਭ੍ਰਿਸ਼ਟ ਦੀਆਂ ਫਾਈਲਾਂ ਮੁੱਖਮੰਤਰੀ ਭਗਵੰਤ ਸਿੰਘ ਮਾਨ ਨੂੰ ਦੇਣ ਦੀ ਗੱਲ ਕਰਦੇ ਸਨ, ਪਰ ਉਹ ਫਾਈਲਾਂ ਰਾਹ ਵਿੱਚ ਰੁਕ ਗਈਆਂ।ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਕਾਂਗਰਸੀ ਆਗੂਆਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਪਿੱਛੇ ਕੈਪਟਨ ਅਮਰਿੰਦਰ ਸਿੰਘ ਦੀਆਂ ਉਹ ਫਾਈਲਾਂ ਵੀ ਹੋ ਸਕਦੀਆਂ ਹਨ, ਜਿਹੜੀਆਂ ਸ਼ਾਇਦ ਉਨ੍ਹਾ ਨੇ ਪੰਜਾਬ ਸਰਕਾਰ ਨੂੰ ਦੇਣ ਦੀ ਥਾਂ ਭਾਜਪਾ ਨੂੰ ਦੇ ਦਿੱਤੀਆਂ ਹੋਣਗੀਆਂ।ਕੰਗ ਨੇ ਕਿਹਾ ਕਿ ਭਾਜਪਾ ਆਪਣੀ ਵਿਚਾਰਧਾਰਕ ਉੱਚਤਾ ਦਾ ਦਾਅਵਾ ਕਰਦੀ ਹੈ ਪਰ ਉਸ ਨੂੰ ਪੰਜਾਬ ਵਿੱਚ ਕਾਂਗਰਸੀਆਂ ਤੋਂ ਇਲਾਵਾ ਹੋਰ ਕੋਈ ਆਗੂ ਪਾਰਟੀ ਵਿੱਚਆਉਣ ਵਾਲਾ ਨਹੀਂ ਮਿਲਿਆ।

# ਭਾਜਪਾ ਨੇ ਸੰਗਰੂਰ ਉੱਪ ਚੋਣ ਲਈ ਕੇਵਲ ਸਿੰਘ ਢਿੱਲੋਂ ਉਮੀਦਵਾਰ ਬਣਾਇਆ

*** ਕਾਂਗਰਸ ਨੇ ਦਲਬੀਰ ਸਿੰਘ ਗੋਲਡੀ ਨੂੰ ਉਮੀਦਵਾਰ ਐਲਾਨਿਆ**



ਸੰਗਰੂਰ, 5 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਹਲਕਾ ਸੰਗਰੂਰ ਦੀਲੋਕ ਸਭਾ ਦੀ ਉੱਪ ਚੋਣਵਿੱਚ ਭਾਰਤੀ ਜਨਤਾ ਪਾਰਟੀ ਨੇ ਇੱਕ ਦਿਨ ਪਹਿਲਾਂ ਕਾਂਗਰਸ ਛੱਡ ਕੇ ਭਾਜਪਾਵਿੱਚ ਸ਼ਾਮਲ ਹੋਏ ਉੱਘੇ ਕਾਰੋਬਾਰੀ ਅਤੇ ਬਰਨਾਲਾ ਹਲਕੇ ਤੋਂ ਦੋ ਵਾਰੀ ਚੋਣ ਜਿੱਤ ਚੁੱਕੇ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਨੂੰ ਉਮੀਦਵਾਰ ਬਣਾਇਆ ਹੈ।

ਵਰਨਣ ਯੋਗ ਹੈ ਕਿ ਕੇਵਲ ਸਿੰਘ ਢਿੱਲੋਂ2019 ਵਿੱਚ ਵੀ ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸਟਿਕਟ ਉੱਤੇਪਾਰਲੀਮੈਂਟ ਦੀ ਚੋਣ ਲੜੇ ਸਨ, ਪਰ ਆਮ ਆਦਮੀ ਪਾਰਟੀ ਦੇ ਆਗੂ ਤੇ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਹਾਰ ਗਏ ਸਨ।ਉਹ ਸਾਲ 2007 ਤੇ 2012ਵਿੱਚ ਦੋ ਵਾਰੀ ਵਿਧਾਨ ਸਭਾ ਬਰਨਾਲਾ ਤੋਂ ਲਗਾਤਾਰ ਜਿੱਤ ਕੇ ਵਿਧਾਇਕ ਬਣੇ ਤੇ ਦਸ ਸਾਲ ਪੰਜਾਬਵਿੱਚ ਅਕਾਲੀ-ਭਾਜਪਾ ਸਰਕਾਰ ਸਮੇਂ ਵਿਰੋਧੀ ਧਿਰ ਕਾਂਗਰਸ ਦੇ ਵਿਧਾਇਕ ਰਹੇ ਸਨ, ਪਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨੇੜਤਾ ਕਾਰਨ ਉਨ੍ਹਾਂ ਨੂੰ ਕਾਂਗਰਸਨੇ ਇਸ ਸਾਲ ਦੀਆਂ ਵਿਧਾਨ ਸਭਾ ਚੋਣਾਂਵਿੱਚ ਟਿਕਟ ਨਹੀਂ ਸੀ ਦਿੱਤੀ।

ਕਾਫ਼ੀ ਸਮਾਂ ਚੁੱਪ ਰਹੇ ਕੇਵਲ ਸਿੰਘ ਢਿੱਲੋਂਬੀਤੇ ਸ਼ਨੀਵਾਰ ਕੇਂਦਰੀ ਗ੍ਰਹਿ ਮੰਤਰੀ ਅਤੇ ਭਾਜਪਾ ਆਗੂ ਅਮਿਤ ਸ਼ਾਹ ਦੀ ਅਗਵਾਈਵਿੱਚ ਭਾਜਪਾਵਿੱਚ ਸ਼ਾਮਲ ਹੋ ਗਏ ਸਨ ਅਤੇ ਪਾਰਟੀ ਨੇ ਅਗਲੇ ਦਿਨ ਉਨ੍ਹਾਂ ਨੂੰਲੋਕ ਸਭਾ ਉੱਪ ਚੋਣ ਲਈ ਉਮੀਦਵਾਰ ਐਲਾਨ ਕਰਦਿੱਤਾ ਹੈ।

ਦੂਸਰੇ ਪਾਸੇ ਕਾਂਗਰਸ ਨੇਲੋਕ ਸਭਾ ਹਲਕਾ ਸੰਗਰੂਰ ਦੀ 23 ਜੂਨ ਨੂੰ ਹੋਣ ਵਾਲੀ ਜ਼ਿਮਨੀ ਚੋਣ ਲਈ ਧੂਰੀ ਤੋਂ ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਨੂੰ ਉਮੀਦਵਾਰ ਬਣਾਇਆ ਹੈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਲਬੀਰ ਸਿੰਘ ਗੋਲਡੀ ਨੇ ਕਿਹਾ ਕਿ ਉਨ੍ਹਾਂ ਸਮੇਤ ਦੇਸ਼-ਵਿਦੇਸ਼ਵਿੱਚ ਵਸਦੇ ਲੋਕ ਸਿੱਧੂਮੂਸੇਵਾਲਾ ਦੀ ਮੌਤ ਦੇ ਸੋਗ ਵਿਚ ਹਨ, ਇਸ ਲਈ ਉਹ ਪਾਰਟੀ ਟਿਕਟ ਮਿਲਣ ਦਾ ਕੋਈ ਜਸ਼ਨ ਨਹੀਂ ਮਨਾਉਣਗੇ। ਉਨ੍ਹਾਂ ਨੇ ਪਾਰਟੀ ਹਾਈ ਕਮਾਨ ਵੱਲੋਂ ਭਰੋਸਾ ਪ੍ਰਗਟਾਉਣ ਉੱਤੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਬਿਨਾਂ ਕਿਸੇ ਖ਼ਿਲਾਫ਼ ਬੋਲੇ ਇਹ ਚੋਣ ਲੜਨਗੇ।


## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011


# ਭਾਜਪਾ ਵਿੱਚ ਗਿਆ ਬਲਬੀਰ ਸਿੱਧੂ ਸਵੇਰ ਤਕ ਐਮ ਪੀ ਕੋਟੇ ਦੀਆਂ ਗਰਾਂਟਾਂ ਦੇ ਚੈਕ ਵੰਡਦਾ ਰਿਹਾ

ਐਸ ਏ ਐਸ ਨਗਰ (ਮੋਹਾਲੀ), 5 ਜੂਨ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਕੱਲ੍ਹ ਆਪਣੇ ਭਰਾ ਅਤੇ ਮੋਹਾਲੀ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ ਨਾਲ ਭਾਜਪਾ ਵਿੱਚ ਸ਼ਾਮਲ ਹੋ ਗਏ। ਸਿੱਧੂ ਨੇ ਕੱਲ੍ਹ ਪਹਿਲਾਂ ਕਾਂਗਰਸ ਦੀ ਰਾਜ ਸਭਾ ਮੈਂਬਰ ਅੰਬਿਕਾ ਸੋਨੀ ਦੇ ਐਮ ਪੀ ਕੋਟੇ ਤੋਂ ਲਾਂਡਰਾਂ ਦੇ ਸਰਕਾਰੀ ਸਕੂਲ ਲਈ ਸਵੇਰੇ ਦਸ ਵਜੇ 15 ਲੱਖ ਦਾ ਚੈਕ ਅਤੇ ਪਿੰਡ ਗਿੱਦੜਪੁਰ ਦੇ ਸਰਕਾਰੀ ਸਕੂਲ ਲਈ ਗਿਆਰਾਂ ਵਜੇ ਦਸ ਲੱਖ ਦਾ ਚੈਕ ਸੌਂਪਿਆ।ਇਨ੍ਹਾਂ ਦੋਵਾਂ ਸਮਾਗਮਾਂ ਮਗਰੋਂ ਉਹ ਸਿੱਧੇ ਚੰਡੀਗੜ੍ਹ ਸੈਕਟਰ-7 ਵਿੱਚ ਸੁਨੀਲ ਜਾਖੜ ਦੇ ਕਿਸੇ ਕਰੀਬੀ ਦੇ ਘਰ ਗਏ, ਜਿੱਥੇ ਉਨ੍ਹਾਂ ਨੇ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਕਾਂਗਰਸੀ ਆਗੂਆਂ ਨਾਲ ਮੀਟਿੰਗ ਕੀਤੀ ਤੇ ਸਾਰੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਮਿਲਣ ਗਏ ਤੇ ਫਿਰ ਅਮਿਤ ਸ਼ਾਹ ਦੀ ਹਾਜ਼ਰੀ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਏ। ਮੋਹਾਲੀ ਹਲਕੇ ਵਿੱਚ ਸਿੱਧੂ ਦੇ ਭਾਜਪਾ ਵਿੱਚ ਜਾਣ ਦਾ ਰਲਿਆ-ਮਿਲਿਆ ਪ੍ਰਤੀਕਰਮ ਆਇਆ ਹੈ।

ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਕੌਂਸਲਰ ਰਿਸ਼ਵ ਜੈਨ ਨੇ ਕਿਹਾ ਕਿ ਉਨ੍ਹਾਂ ਦਾ ਆਗੂ ਬਲਬੀਰ ਸਿੱਧੂ ਹੀ ਹੈ। ਨਿਗਮ ਦੇ ਸੀਨੀਅਰ ਡਿਪਟੀ ਮੇਅਰ ਅਮਰੀਕ ਸਿੰਘ ਸੋਮਲ ਅਤੇ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਨੇ ਆਖਿਆ ਕਿ ਉਹ ਕਾਂਗਰਸ ਦੇ ਨਾਲ ਹਨ ਤੇ ਆਪਣੇ ਸਮਰਥਕਾਂ ਨਾਲ ਸਲਾਹ ਕਰ ਕੇ ਫੈਸਲਾ ਲੈਣਗੇ। ਪੁਰਾਣੇ ਕਾਂਗਰਸੀ ਆਗੂ ਬੂਟਾ ਸਿੰਘ ਸੋਹਾਣਾ ਤੇ ਹਰਚਰਨ ਸਿੰਘ ਗਿੱਲ ਸਰਪੰਚ ਲਾਂਡਰਾਂ ਨੇ ਵੀ ਕਾਂਗਰਸ ਨਾਲ ਖੜ੍ਹੇ ਰਹਿਣ ਦੀ ਗੱਲ ਆਖੀ। ਦੂਜੇ ਪਾਸੇ ਚੌਧਰੀ ਰਿਸ਼ੀ ਪਾਲ ਸਨੇਟਾ, ਚੌਧਰੀ ਹਰਨੇਕ ਸਿੰਘ ਨੇਕੀ, ਦੀਪ ਚੰਦ ਗੋਬਿੰਦਗੜ੍ਹ ਨੇ ਸਿੱਧੂ ਦੇ ਫੈਸਲੇ ਦਾ ਸਵਾਗਤ ਕੀਤਾ ਤੇ ਉਨ੍ਹਾਂ ਨਾਲ ਖੜੋਣ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ਛੇਤੀ ਹੀ ਪਾਰਟੀ ਸਮਰਥਕਾਂ ਨਾਲ ਮੀਟਿੰਗ ਕਰਨਗੇ।

ਬਲਬੀਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਸਿਹਤ ਮੰਤਰੀ ਵਜੋਂ ਉਨ੍ਹਾਂ ਨੇ ਕੋਰੋਨਾ ਕਾਲ ਵਿੱਚ ਰਿਕ-ਾਰਡ ਤੋੜ ਕੰਮ ਕੀਤਾ ਸੀ ਅਤੇ ਉਨ੍ਹਾਂ ਦੇ ਕੰਮ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਸਲਾਹਿਆ ਸੀ, ਪਰ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਬਣੀ ਨਵੀਂ ਕੈਬਨਿਟ ਵਿੱਚੋਂ ਉਨ੍ਹਾਂ ਨੂੰ ਬਾਹਰ ਕੱਢ ਕੇ ਜ਼ਲੀਲ ਕੀਤਾ ਗਿਆ ਅਤੇਸਾਖ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਕਾਰਨ ਵਿਧਾਨ ਸਭਾ ਚੋਣਾਂ ਦੌਰਾਨ ਉਨ੍ਹਾਂ ਨੂੰ ਹਾਰ ਝੱਲਣੀ ਪਈ। ਉਨ੍ਹਾਂ ਕਿਹਾ ਕਿ ਕਾਂਗਰਸ ਕੋਲ ਇਸ ਵੇਲੇ ਨਾ ਕੋਈ ਆਗੂ ਹੈ ਤੇ ਨਾ ਨੀਤੀ, ਇਸ ਕਰ ਕੇ ਉਨ੍ਹਾਂ ਕਾਂਗਰਸ ਨਾਲੋਂਤਾ ਤੋੜ ਲਿਆ ਹੈ।ਵਰਨਣ ਯੋਗ ਹੈ ਕਿ ਸਿੱਧੂ ਨੂੰ ਕਾਂਗਰਸ ਨੇ 1997 ਵਿੱਚ ਖਰੜ ਹਲਕੇ ਤੋਂ ਟਿਕਟ ਦਿੱਤੀ ਤਾਂ ਉਹ ਚੋਣ ਹਾਰ ਗਏ ਸਨ। 2002 ਵਿੱਚ ਉਨ੍ਹਾਂ ਦੀ ਟਿਕਟ ਕੱਟੀ ਗਈ ਤੇ ਉਨ੍ਹਾਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ, ਪਰ ਹਾਰ ਗਏ। 2004 ਵਿੱਚ ਉਹ ਫਿਰਕਾਂਗਰਸ ਵਿੱਚ ਸ਼ਾਮਲ ਹੋ ਗਏ ਅਤੇ ਲਗਾਤਾਰ ਤਿੰਨ ਵਾਰ 2007, 2012 ਅਤੇ 2017 ਵਿੱਚੋਂ ਕਾਂਗਰਸੀ ਟਿਕਟ ਉਤੇ ਵਿਧਾਇਕ ਬਣੇ। ਇਸ ਵਾਰ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਕੁਲਵੰਤ ਸਿੰਘ ਨੇ ਹਰਾਇਆ ਹੈ।


ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd. Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters


Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਸਿੱਧੂ ਮੂਸੇਵਾਲਾ ਦੇ ਕਤਲ ਪਿੱਛੋਂ ਸਲਮਾਨ ਖਾਨ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ

ਮੁੰਬਈ, 5 ਜੂਨ, (ਪੋਸਟ ਬਿਊਰੋ)- ਸੰਸਾਰ ਪ੍ਰਸਿੱਧ ਬਾਲੀਵੁੱਡ ਸਟਾਰ ਸਲਮਾਨ ਖਾਨ ਆਪਣੀਆਂ ਫਿਲਮਾਂ ਤੋਂ ਇਲਾਵਾ ਹੋਰ ਕਾਰਨਾਂ ਕਰਕੇ ਵੀ ਸੁਰਖੀਆਂਵਿੱਚ ਰਹਿੰਦੇ ਹਨ। ਪਿਛਲੇ ਦਿਨੀਂ ਸਰਕਾਰ ਨੇ ਸਲਮਾਨ ਖਾਨ ਦੀ ਸੁਰੱਖਿਆ ਵਧਾ ਦਿੱਤੀ ਸੀ ਤੇ ਅੱਜ ਇੱਕ ਅਣਪਛਾਤੇ ਵਿਅਕਤੀ ਵੱਲੋਂ ਸਲਮਾਨ ਖਾਨ ਦੇ ਪਿਤਾ ਸਲੀਮ ਖਾਨ ਨੂੰ ਇਕ ਪੱਤਰ ਮਿਲਿਆ ਹੈ, ਜਿਸਵਿੱਚ ਸਲਮਾਨ ਖਾਨ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਪੱਤਰਵਿੱਚ ਲਿਖਿਆ ਹੈ ਕਿ ਸਲਮਾਨ ਖਾਨ ਨੂੰ ਵੀ ਉਸੇ ਤਰ੍ਹਾਂ ਮਾਰਾਂਗੇ, ਜਿਸ



ਤਰ੍ਹਾਂ ਸਿੱਧੂਮੂਸੇਵਾਲਾ ਨੂੰ ਮਾਰਿਆ ਗਿਆ ਸੀ।

ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਮੁੰਬਈ ਦੀ ਪੁਲਸ ਨੇ ਬਾਂਦਰਾ ਪੁਲਸ ਸਟੇਸ਼ਨ ਵਿੱਚ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ, ਪਰ ਅਜੇ ਇਹ ਪਤਾ ਨਹੀਂ ਲੱਗਾ ਕਿ ਪੱਤਰ ਕਿਸ ਨੇ ਇਹ ਭੇਜਿਆ ਅਤੇ ਕਿੱਦਾਂ ਦੀ ਧਮਕੀ ਦਿੱਤੀ ਗਈ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਤਿਹਾੜ ਜੇਲ ,ਦਿੱਲੀ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਵੀ ਸਲਮਾਨ ਖਾਨ ਨੂੰ ਜਾਨੋਂ ਮਾਰਨ ਦੀਧਮਕੀ ਦਿੱਤੀ ਸੀ। ਬਿਸ਼ਨੋਈ ਉਹ ਗੈਂਗਸਟਰ ਹੈ, ਜਿਸ ਉੱਤੇ ਦੋਸ਼ ਹੈ ਕਿ ਉਸ ਨੇ ਹੀ ਪੰਜਾਬੀ ਗਾਇਕ ਸਿੱਧੂਮੂਸੇਵਾਲਾ ਦਾ ਕਤਲ ਵੀ ਜੇਲ੍ਹ ਵਿੱਚੋਂ ਸਾਜਿਸ਼ ਕਰ ਕੇ ਕਰਵਾਇਆ ਹੈ।

# ਚੰਨੀ ਦੇ ਭਾਣਜੇ ਹਨੀ ਦਾ ਸਾਥੀ ਕੁਦਰਤਦੀਪ ਈਡੀ ਵੱਲੋਂ ਗ੍ਰਿਫਤਾਰ

ਲੁਧਿਆਣਾ, 5 ਜੂਨ (ਪੋਸਟ ਬਿਊਰੋ)- ਰੇਤ ਦੀ ਨਾਜਾਇਜ਼ ਮਾਈਨਿੰਗ ਦੇ ਮਾਮਲੇ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਾਣਜੇ ਭੁਪਿੰਦਰ ਸਿੰਘ ਹਨੀ ਦੇ ਨਜ਼ਦੀਕੀ ਤੇ ਕਾਰੋਬਾਰੀ ਸਾਥੀ ਕੁਦਰਤਦੀਪ ਸਿੰਘ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇਗ੍ਰਿਫਤਾਰ ਕਰ ਕੇ ਅਦਾਲਤ ਵਿੱਚ ਪੇਸ਼ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਈ ਡੀ ਵੱਲੋਂ ਵਾਰ-ਵਾਰ ਸੰਮਨ ਭੇਜਣ ਦੇ ਬਾਵਜੂਦਕੁਦਰਤਦੀਪ ਸਿੰਘ ਵਿਭਾਗ ਦੇ ਅਧਿਕਾਰੀਆਂ ਅੱਗੇ ਪੇਸ਼ ਨਹੀਂ ਹੋ ਰਿਹਾ ਸੀ, ਜਿਸ ਕਾਰਨ ਵਿਭਾਗ ਨੇ ਉਸ ਦੇ ਗੈਰ ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਸਨ।ਕੱਲ੍ਹ ਕੁਦਰਤਦੀਪ ਸਿੰਘ ਨੂੰ ਲੁਧਿਆਣੇ ਤੋਂ ਗ੍ਰਿਫਤਾਰ ਕਰਨ ਪਿੱਛੋਂਈ ਡੀ ਵੱਲੋਂ ਨੇ ਉਸ ਨੂੰ ਜਲੰਧਰ ਦੀ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੇ ਅਦਾਲਤ ਨੇ ਉਸ ਨੂੰ 14 ਦਿਨਾਂ ਦੀ ਜੁਡੀਸ਼ਲ ਹਿਰਾਸਤ ਵਿੱਚ ਭੇਜ ਦਿੱਤਾ ਹੈ।



ਪੰਜਾਬ ਪੁਲਸ ਨੇ 2018 ਨੂੰ ਇੱਕ ਕੇਸ ਦਰਜ ਕੀਤਾ ਸੀ, ਜਿਸ ਵਿੱਚ ਕੁਦਰਤਦੀਪ ਸਿੰਘ ਦਾ ਨਾਂਅ ਸ਼ਾਮਲ ਸੀ। ਇਸੇ ਸ਼ਿਕਾਇਤਉੱਤੇ ਈ ਡੀ ਵੱਲੋਂ ਜਾਂਚ ਚੱਲ ਰਹੀ ਸੀ। 30 ਨਵੰਬਰ 2021 ਨੂੰ ਇਨਫੋਰਸਮੈਂਟ ਕੇਸ ਇਨਫਮੇਸ਼ਨ ਰਿਪੋਰਟ (ਈ ਸੀ ਆਈ ਆਰ) ਦਰਜ ਕੀਤੀ ਸੀ। ਜਾਂਚ ਦੌਰਾਨ ਵਿਭਾਗ ਨੇ ਕੁਦਰਤਦੀਪ ਅਤੇ ਹੋਰ ਲੋਕਾਂ ਦੇ ਟਿਕਾਣਿਆਂ ਉਤੇ ਛਾਪਾ ਮਾਰਿਆਤਾਂ ਅਰਬਾਂ ਰੁਪਏ ਦੀ ਜਾਇਦਾਦ ਦੇ ਦਸਤਾਵੇਜ਼ਾਂ ਦੇ ਨਾਲ 10 ਕਰੋੜ ਰੁਪਏ ਤੋਂ ਵੱਧ ਦੀ ਨਕਦੀ ਤੇ ਹੋਰ ਕੀਮਤੀ ਸਾਮਾਨ ਮਿਲਿਆ ਸੀ। ਇਸ ਕੇਸ ਵਿੱਚ ਭੁਪਿੰਦਰ ਸਿੰਘ ਹਨੀ ਪਹਿਲਾਂ ਹੀ ਜੇਲ੍ਹ ਵਿੱਚ ਹੈ ਤੇ ਉਸ ਦੇ ਮਾਮਾ ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਈ ਡੀ ਵੱਲੋਂ ਅਪ੍ਰੈਲ ਵਿੱਚ ਕਈ ਘੰਟੇ ਪੁੱਛਗਿੱਛ ਕੀਤੀ ਗਈ ਸੀ।

# ਐਲ ਪੀ ਯੂ ਯਾਨਿਕ ਨਿਕੀ ਅਟੈਕ ਕੇਸ: ਹਾਈ ਕੋਰਟ ਦੇ ਹੁਕਮ ਉਤੇ 10 ਸਾਲਾਂ ਤੋਂ ਭਗੌੜੇ ਦੋਸ਼ੀ ਦਾ ਸਰੰਡਰ

ਜਲੰਧਰ, 5 ਜੂਨ (ਪੋਸਟ ਬਿਊਰੋ)- ਐਲ ਪੀ ਯੂ (ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ) ਦੇ ਵਿਦਿਆਰਥੀ ਯਾਨਿਕ ਨਿਕੀ ਉੱਤੇ ਅਟੈਕ ਕਰਨ ਦੇ ਕੇਸ ਵਿੱਚ ਦਸ ਸਾਲ ਤੋਂ ਭਗੌੜੇ ਸੋਸਾਈਟੀ ਬੱਸ ਸਰਵਿਸ ਦੇ ਮਾਲਕ ਦੇ ਬੇਟੇ ਰਣਤਾਜ ਸਿੰਘ ਨੇ ਹਾਈ ਕੋਰਟ ਦੇ ਹੁਕਮ ਉੱਤੇਐਡੀਸ਼ਨਲ ਸੈਸ਼ਨ ਜੱਜ ਐਲ ਕੇ ਸਿੰਗਲਾ ਦੀ ਕੋਰਟ ਵਿੱਚ ਕੱਲ੍ਹ ਆਤਮ ਸਮਰਪਣ ਕਰ ਦਿੱਤਾ ਅਤੇ ਕੋਰਟ ਨੇ ਉਸ ਨੂੰ ਜ਼ਮਾਨਤ ਉੱਤੇ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ। ਹਾਈ ਕੋਰਟ ਵਿੱਚ ਇਸ ਕੇਸ ਬਾਰੇ 29 ਜੁਲਾਈ ਨੂੰ ਰਣਤਾਜ ਸਿੰਘ ਦੀ ਅਗੇਤੀ ਜ਼ਮਾਨਤ ਬਾਰੇ ਸੁਣਵਾਈ ਹੋਣੀ ਹੈ। ਬਚਾਅ ਪੱਖ ਦੇ ਵਕੀਲ ਨੇ ਦੱਸਿਆ ਹੈ ਕਿਐਡੀਸ਼ਨਲ ਸੈਸ਼ਨ ਜੱਜ ਦੀ ਕੋਰਟ ਵਿੱਚ ਛੇ ਅਗਸਤ ਨੂੰ ਅਗਲੀ ਸੁਣਵਾਈ ਹੈ।

ਵਰਨਣ ਯੋਗ ਹੈ ਕਿ 21 ਅਪ੍ਰੈਲ 2012 ਦੀ ਰਾਤ ਯਾਨਿਕ ਨਿਕੀ ਦੋਸਤ ਅਰਿਸਟੋ ਦੇ ਜਨਮ ਦਿਨ ਪਾਰਟੀ ਵਿੱਚ ਡਿਫੈਂਸ ਕਾਲੋਨੀ ਮੋੜ ਉੱਤੇ ਦਸਮੇਸ਼ ਨਗਰ ਦੀ ਪੀ ਜੀ ਵਿੱਚ ਆਇਆ ਸੀ, ਜਿੱਥੇ ਲਾਜਪਤ ਨਗਰ ਦੇ ਸਾਮੰਤ ਰੱਲ੍ਹਣ, ਮੋਤਾ ਸਿੰਘ ਨਗਰ ਦੇ ਸਾਹਿਲਦੀਪ, ਉਸ ਦਾ ਭਰਾ ਅਮਨਦੀਪ ਸਿੰਘ, ਜਸਵੰਤ ਸਿੰਘ ਬੰਟੂ ਵਾਸੀ ਫਗਵਾੜਾ, ਰਮਨੀਤ ਰੋਮੀ ਉਪਲ ਵਾਸੀ ਪੁਲਸ ਲਾਈਨਜ਼,ਹਰਸ਼ ਗੋਸਾਈਂ ਨਿਊ ਜਵਾਹਰ ਨਗਰ ਦਾ, ਅਮਨਵੀਰ ਬਾਜਵਾ ਵਾਸੀ ਸੁਦਰਸ਼ਨ ਪਾਰਕ, ਰਣਤਾਜ ਸਿੰਘ ਅਤੇ ਜਸਕਰਨ ਸਿੰਘ ਜੱਸਾ ਨੇ ਅਟੈਕ ਕਰ ਦਿੱਤਾ ਸੀ। ਯਾਨਿਕ ਨਿੱਕੀ ਕੋਮਾ ਵਿੱਚ ਚਲਾ ਗਿਆ। ਪਿਤਾ ਉਸ ਨੂੰ ਵਾਪਸ ਬੁਰੂੰਡੀ ਲੈ ਗਏ ਸਨ ਅਤੇ ਇੱਕ ਜੁਲਾਈ 2014 ਨੂੰ ਨਿਕੀ ਦੀ ਮੌਤ ਹੋ ਗਈ ਸੀ। ਛੇ ਦੋਸ਼ੀ 307 ਵਿੱਚ ਹੋਈ ਦਸ ਸਾਲ ਦੀ ਸਜ਼ਾ ਖਿਲਾਫ ਹਾਈ ਕੋਰਟ ਵਿੱਚ ਅਪੀਲ ਕਰ ਕੇ ਜ਼ਮਾਨਤ ਉੱਤੇ ਆ ਚੁੱਕੇ ਹਨ। ਮਰਹੂਮ ਐਸ ਪੀ ਧਰਮ ਸਿੰਘ ਦਾ ਬੇਟਾ ਰੋਮੀ ਉਪਲ ਪੈਰੋਲ ਦੇ ਬਾਅਦ ਫਰਾਰ ਹੋ ਗਿਆ ਸੀ। ਪੁਲਸ ਧਾਰਾ 30 ਵਿੱਚ ਚਾਰਜਸ਼ੀਟ ਫਾਈਲ ਕਰਨ ਲਈ ਕਾਨੂੰਨੀ ਸਲਾਹ ਲੈ ਰਹੀ ਸੀ ਕਿ ਇੱਕ ਧਿਰ ਸੁਪਰੀਮ ਕੋਰਟ ਚਲੀ ਗਈ ਸੀ।

ਅਪ੍ਰੈਲ 2014 ਤੋਂ ਰੋਮੀ ਉਪਲ ਕਿੱਥੇ ਲੁਕਿਆਹੈ, ਕਿਸੇ ਨੂੰ ਨਹੀਂ ਪਤਾ। ਜਸਕਰਨ ਦੇ ਪਿਤਾ ਕੱਪੜਾ ਵਪਾਰੀ ਹਨ, ਹਰਸ਼ ਬਿਜ਼ਨਸਮੈਨ ਦਾ ਬੇਟਾ ਹੈ, ਸਹਿਲਦੀਪ ਰਿਟ-ਾਇਰਡ ਬੈਂਕ ਅਧਿਕਾਰੀ ਦਾ ਬੇਟਾ ਹੈ ਅਤੇ ਅਮਨਵੀਰ ਬਾਜਵਾ ਸ਼ੂਗਰ ਮਿਲ ਦੇ ਮੈਨੇਜਿੰਗ ਡਾਇਰੈਕਟਰ ਦਾ ਬੇਟਾ ਹੈ।21 ਅਪ੍ਰੈਲ 2012 ਯਾਨਿਕ ਨਿਕੀ ਉੱਤੇ ਹਮਲਾ ਹੋਇਆ ਸੀ ਅਤੇ 24 ਅਕਤੂਬਰ 2013 ਨੂੰ ਮਰਹੂਮ ਐਸ ਪੀ ਧਰਮ ਸਿੰਘ ਦੇ ਬੇਟੇ ਰੋਮੀ ਸਮੇਤ ਸੱਤ ਨੂੰ 10 ਸਾਲ ਕੈਦ ਹੋ ਗਈ ਸੀ। ਛੇ ਮਾਰਚ 2014 ਨੂੰ ਭੈਣ ਦੇ ਵਿਆਹ ਲਈ ਰੋਮੀ ਪੈਰੋਲ ਉੱਤੇ ਆਇਆ ਤਾਂ ਚਾਰ ਅਪ੍ਰੈਲ ਨੂੰ ਰੋਮੀ ਜੇਲ੍ਹ ਵਾਪਸ ਜੇਲ੍ਹ ਨਹੀਂ ਗਿਆ। ਤੀਹ ਮਈ ਨੂੰ ਜੱਸਾ ਆਸਟਰੇਲੀਆ ਵਿੱਚ ਗ੍ਰਿਫਤਾਰ ਕੀਤਾ ਗਿਆ ਤੇ ਇੱਕ ਜੁਲਾਈ ਨੂੰ ਨਿਕੀ ਦੀ ਮੌਤ ਹੋ ਗਈ। ਅੱਠ ਦਸੰਬਰ ਨੂੰ ਜੱਸੇ ਨੂੰ ਲਿਆਂਦਾ ਸੀ ਅਤੇ ਤੀਹ ਜਨਵਰੀ 2018 ਨੂੰ ਜੱਸਾ ਬਰੀ ਹੋ ਗਿਆ ਸੀ।

# ਰਾਜਪੁਰਾ ਥਰਮਲ ਪਲਾਂਟ ਦੇ ਰੇਲ ਟਰੈਕ ਤੋਂ 12000 ਕਲੈਂਪ ਗਾਇਬ

ਪਟਿਆਲਾ, 5 ਜੂਨ (ਪੋਸਟ ਬਿਊਰੋ)- ਪੰਜਾਬ ਦੇ ਰਾਜਪੁਰਾ ਵਿਚਲੇ ਥਰਮਲ ਪਲਾਂਟ ਦੇ ਰੇਲ ਟਰੈਕ ਤੋਂ ਕਰੀਬ 1200 ਕਲੈਂਪਸ ਰਾਤੋਂ-ਰਾਤ ਗਾਇਬ ਕਰ ਦਿੱਤੇ ਗਏ। ਦੋਸ਼ੀਆਂ ਨੇ ਏਦਾਂ ਦੀ ਵਾਰਦਾਤ ਦੋ ਥਾਵਾਂ ਉੱਤੇਕੀਤੀ ਹੈ। ਇਸ ਰੇਲ ਟਰੈਕ ਤੋਂ ਮਾਲਗੱਡੀਆਂ ਕੋਲਾ ਲੈ ਕੇ ਥਰਮਲ ਪਲਾਂਟ ਵਿੱਚ ਆਉਂਦੀਆਂ ਹਨ। ਘਟਨਾ ਬਾਰੇ ਕੱਲ੍ਹ ਸਵੇਰੇ ਕਰੀਬ 10 ਵਜੇ ਥਰਮਲ ਪਲਾਂਟ ਦੇ ਸਟਾਫ ਨੂੰ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੇ ਪੁਲਸ ਨੂੰ ਸੂਚਨਾ ਦਿੱਤੀ।

ਪਤਾ ਲੱਗਾ ਹੈ ਕਿ ਰਾਜਪੁਰਾ ਸਦਰ ਥਾਣੇ ਹੇਠਲੇ ਸਰਾਏ ਵਣਜਾਰਾ ਤੋਂ ਚੰਦੂਮਾਜਰਾ ਪਿੰਡ ਜਾਂਦੇ ਇਲਾਕੇ ਵਿੱਚ 800 ਕਲੈਂਪਸ ਤੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਥਾਣਾ ਵਡਾਲੀ ਆਲਾ ਸਿੰਘ ਇਲਾਕੇ ਦੇ ਪਿੰਡ ਚੁਲਟੀਖੇੜੀ ਵਿੱਚ 400 ਕਲੈਂਪਸਕੱਢੇ ਗਏ। ਸੂਚਨਾ ਮਿਲਦੇ ਸਾਰ ਦੋਵਾਂ ਥਾਣਿਆਂ ਦੇ ਪੁਲਸ

*** ਹਾਦਸਾ ਹੁੰਦਾ ਤਾਂ ਪਲਾਂਟ ਨੂੰ ਕੋਲੇ ਦੀ ਸਪਲਾਈ ਬੰਦ ਹੋ ਜਾਂਦੀ**

ਅਧਿਕਾਰੀ ਤੇ ਥਰਮਲ ਪਲਾਂਟ ਦੇ ਅਧਿਕਾਰੀ ਮੌਕੇ ਉੱਤੇ ਪਹੁੰਚੇ, ਜਿਨ੍ਹਾਂ ਨੇ ਸ਼ੱਕ ਪ੍ਰਗਟਾਇਆ ਕਿ ਇਹ ਵੱਡੀ ਸਾਜ਼ਿਸ਼ ਦਾ ਹਿੱਸਾ ਹੋ ਸਕਦਾ ਹੈ। ਪੁਲਸ ਨੇ ਕੇਸ ਦਰਜ ਕਰ ਕੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਰਾਜਪੁਰਾ ਥਰਮਲ ਪਲਾਂਟ ਐਲ ਐਂਡ ਟੀ ਕੰਪਨੀ ਨੇ ਕੋਲ ਹੈ, ਜਿਸ ਨੇ ਕਰੀਬ ਨੌਂ ਕਿਲੋਮੀਟਰ ਰੇਲ ਟਰੈਕ ਦਾ ਜ਼ਿੰਮਾ ਲਿਆ ਹੋਇਆ ਹੈ। ਇਸ ਦੀ ਸੰਭਾਲ ਕੰਪਨੀ ਤੇ ਰੇਲਵੇ ਵਿਭਾਗ ਦੇ ਅਧਿਕਾਰੀ ਮਿਲ ਕੇ ਕਰਦੇ ਹਨ। ਇਸ ਰੇਲਵੇ ਟਰੈਕ ਰਾਹੀਂ ਪਲਾਂਟ ਵਿੱਚ ਰੋਜ਼ ਸੱਤ ਤੋਂ ਅੱਠ ਰੈਕ ਕੋਲੇ ਦੀ ਸਪਲਾਈ ਹੁੰਦੀ ਹੈ। ਇਸ ਟਰੈਕ



ਉੱਤੇ ਸਿਰਫ ਥਰਮਲ ਪਲਾਂਟ ਲਈ ਕੋਲਾ ਲਿਜਾਣ ਵਾਲੀਆਂ ਮਾਲਗੱਡੀਆਂ ਚੱਲਦੀਆਂ ਹਨ।ਰਾਜਪੁਰਾ ਆਮ ਗੱਡੀਆਂ ਵਾਲੀ ਰੇਲ ਲਾਈਨ ਪਿੰਡ ਸਰਾਏ ਵਣਜਾਰਾ ਤੋਂ ਅਲੱਗ ਹੋ ਜਾਂਦੀ ਹੈ। ਇਹ ਕਲੈਂਪਸ ਕੱਢੇ ਜਾਣ ਨਾਲ ਰੇਲ ਟਰੈਕ ਉੱਤੇ ਜੇ ਮਾਲਗੱਡੀ ਚਲਦੀ ਤਾਂ ਵੱਡਾ ਹਾਦਸਾ ਹੋ ਸਕਦਾ ਸੀ ਅਤੇ ਇਸ ਕਾਰਨ 15 ਦਿਨ ਲਈ ਥਰਮਲ ਪਲਾਂਟ ਦੀ ਸਪਲਾਈ ਬੰਦ ਹੋ ਜਾਣੀ ਸੀ। ਇਸ ਨਾਲ ਉਤਰੀ ਖੇਤਰ ਵਿੱਚ ਕੋਲੇ ਦੀ ਸਪਲਾਈ ਵਾਲੀ ਮਾਲਗੱਡੀ ਦੀ ਮੂਵਮੈਂਟ ਰੁਕ ਜਾਂਦੀ ਅਤੇ ਬਿਜਲੀ ਦਾ ਵੱਡਾ ਸੰਕਟ ਆ ਸਕਦਾ ਸੀ।

# ਸਿਵਲ ਹਸਪਤਾਲ ਵਿੱਚ ਪਤੀ ਵੱਲੋਂ ਪਤਨੀ ਦੀ ਗਲਾ ਘੁੱਟ ਕੇ ਹੱਤਿਆ

ਕਪੂਰਥਲਾ, 5 ਜੂਨ (ਪੋਸਟ ਬਿਊਰੋ)- ਸਿਵਲ ਹਸਪਤਾਲ ਦੇ ਜੱਚਾ ਬੱਚਾ ਵਾਰਡ ਵਿੱਚ ਦਾਖਲ ਇੱਕ ਔਰਤ ਦੀ ਉਸ ਦੇ ਪਤੀ ਨੇ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਹੈ।

ਪਤਾ ਲੱਗਾ ਹੈ ਕਿ ਪਿੰਡ ਕੇਸਰਪੁਰ ਦੀ ਬਲਵਿੰਦਰ ਕੌਰ (24) ਬੀਤੇ ਦਿਨੀਂ ਸਿਵਲ ਹਸਪਤਾਲ ਦੇ ਜੱਚਾ ਬੱਚਾ ਵਾਰਡ ਵਿੱਚ ਡਲਿਵਰੀ ਕਰਾਉਣ ਲਈ ਦਾਖਲ ਹੋਈ ਤਾਂ ਉਸ ਦੇ ਲੜਕਾ ਹੋਇਆ। ਕੱਲ੍ਹ ਸਵੇਰੇ ਉਸ ਦੇ ਪਤੀ ਮਨਜੀਤ ਸਿੰਘ ਦਾ ਬਲਵਿੰਦਰ ਨਾਲ ਕਿਸੇ ਗੱਲੋਂ ਝਗੜਾ ਹੋਇਆ ਤਾਂ ਤੈਸ਼ ਵਿੱਚ ਆ ਕੇ ਮਨਜੀਤ ਨੇ ਹਸਪਤਾਲ ਦੇ ਕਮਰੇ ਵਿੱਚ ਆਪਣੇ ਬੱਚਿਆਂ ਦੀ ਮੌਜੂਦਗੀ ਵਿੱਚ ਉਸ ਦਾ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਦੱਸਿਆ ਜਾਂਦਾ ਹੈ ਕਿ ਮਨਜੀਤਸਿੰਘ ਆਪਣੀ ਪਤਨੀ ਉੱਤੇ ਸ਼ੱਕ ਕਰਦਾ ਸੀ। ਬਲਵਿੰਦਰ ਦੀ ਮੌਤ ਦੀ ਪੁਸ਼ਟੀ ਕਰਦਿਆਂ ਐਸ ਐਮ ਓ ਡਾਕਟਰ ਸੰਦੀਪ ਧਵਨ ਨੇ ਦੱਸਿਆ ਕਿ ਕੱਲ੍ਹ ਉਸ ਨੂੰ ਸਵੇਰੇ ਲਗਭਗ ਸੱਤ ਵਜੇ ਫੋਨ ਆਇਆ ਕਿ ਜੱਚਾ ਬੱਚਾ ਵਾਰਡ ਦੀ ਇੱਕ ਮਰੀਜ਼ ਦਾ ਉਸ ਦੇ ਪਤੀ ਨਾਲ ਝਗੜਾ ਹੋ ਗਿਆ ਅਤੇ ਉਸ ਦੇ ਪਤੀ ਨੇ



ਆਪਣੀ ਪਤਨੀ ਨੂੰ ਕਮਰੇ ਵਿੱਚ ਗਲਾ ਘੁੱਟ ਕੇ ਮਾਰ ਦਿੱਤਾ ਹੈ। ਪੁਲਸ ਨੇ ਉਨ੍ਹਾਂ ਦੇ ਕਮਰੇ ਦਾ ਦਰਵਾਜ਼ਾ ਖੁੱਲ੍ਹਵਾ ਕੇ ਦੋਸ਼ੀ ਮਨਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਮਨਜੀਤ ਦੁੱਧ ਵੇਚਣ ਦਾ ਕੰਮ ਕਰਦਾ ਹੈ ਤੇ ਉਸ ਦਾ ਆਪਣੀ ਪਤਨੀ ਨਾਲ ਝਗੜਾ ਰਹਿੰਦਾ ਸੀ ਤੇ ਕੱਲ੍ਹ ਸਵੇਰੇ ਮਨਜੀਤ ਨੇ ਹਸਪਤਾਲ ਵਿੱਚ ਆਪਣੀ ਪਤਨੀ ਨੂੰ ਗਲ ਘੁੱਟ ਕੇ ਮਾਰ ਦਿੱਤਾ। ਮ੍ਰਿਤਕਾ ਦੇ ਸ੍ਰੀ ਨਾਂਦੇੜ ਸਾਹਿਬ (ਮਹਾਰਾਸ਼ਟਰ) ਰਹਿੰਦੇ ਪਰਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਤੇ ਉਨ੍ਹਾਂ ਦੇ ਕਪੂਰਥਲਾ ਆਉਣ ਉੱਤੇ ਪੁਲਸ ਅਗਲੀ ਕਾਰਵਾਈ ਕਰੇਗੀ।

# ਚੋਰਾਂ ਨੇ ਸਕੇ ਭਰਾਵਾਂ ਦੀਆਂ ਕੋਠੀਆਂ ਨੂੰ ਨਿਸ਼ਾਨਾ ਬਣਾਇਆ

ਬਟਾਲਾ, 5 ਜੂਨ (ਪੋਸਟ ਬਿਊਰੋ)- ਪਿੰਡ ਕੋਟਲਾ ਬਾਮਾ ਵਿਖੇ ਚੋਰਾਂ ਨੇ ਕੱਲ੍ਹ ਰਾਤ ਦੋ ਸੱਕੇ ਭਰਾਵਾਂ ਦੀਆਂ ਕੋਠੀਆਂ ਤੋਂ 22 ਤੋਲੇ ਸੋਨਾ, ਦੋ ਲੱਖ ਤੋਂ ਵੱਧ ਨਕਦੀ ਅਤੇ ਵਿਦੇਸ਼ੀ ਘੜੀਆਂ ਚੋਰੀ ਕਰ ਕੇ ਲਈਆਂ।

ਇਸ ਬਾਰੇ ਪਲਵਿੰਦਰ ਸਿੰਘ ਪੁੱਤਰ ਤਰਲੋਕ ਸਿੰਘ ਪਿੰਡ ਕੋਟਾ ਬਾਮਾ ਨੇ ਦੱਸਿਆ ਕਿ ਸਾਡੀਆਂ ਤਿੰਨ ਭਰਾਵਾਂ ਦੀਆਂ ਪਿੰਡ ਅੰਦਰ ਲਾਈਨ ਵਾਈਜ਼ ਕੋਠੀਆਂ ਹਨ। ਅਸੀਂ ਆਪਣੇ ਵਿਦੇਸ਼ ਰਹਿੰਦੇ ਲੜਕੇ ਦਾ ਵਿਆਹ ਰੱਖਿਆ ਹੋਇਆ ਸੀ, ਜਿਸ ਦੀਆਂ ਤਿਆਰੀਆਂ ਵਿੱਚ ਲੱਗੇ ਹੋਏ ਸਾਂ। ਉਸ ਨੇ ਦੱਸਿਆ ਕਿ ਰਾਤ ਜਦੋਂ ਅਸੀਂ ਆਪਣੀਆਂ ਕੋਠੀਆਂ ਅੰਦਰ ਸੁੱਤੇ ਪਏ ਸੀ ਤਾਂ ਅੱਧੀ ਰਾਤ ਪਿੱਛੋਂ ਚੋਰ ਕੰਧ ਟੱਪ ਕੇ ਅੰਦਰ ਵੜੇ ਅਤੇ ਕਮਰੇ ਵਿਚਲੀਆਂ ਅਲਮਾਰੀਆਂ ਤੋੜ ਕੇ ਉਸ ਵਿੱਚੋਂ ਮੇਰਾ 20 ਤੋਲੇ ਸੋਨਾ ਚੋਰੀ ਕੀਤਾ ਅਤੇ ਮੇਰੇ ਦੂਜੇ ਭਰਾ ਸਤਨਾਮ ਸਿੰਘ ਦੀ ਕੋਠੀ ਤੋਂ ਚੋਰ ਦੋ ਲੱਖ ਰੁਪਏ ਨਕਦੀ ਅਤੇ ਦੋ ਤੋਲੇ ਸੋਨਾ ਅਤੇ ਤੀਜੇ ਭਰਾ ਗੁਰਨਾਮ ਸਿੰਘ ਦੇ ਘਰੋਂ ਦੋ ਵਿਦੇਸ਼ੀ ਘੜੀਆਂ ਅਤੇ 10 ਹਜ਼ਾਰ ਰੁਪਏ ਨਕਦੀ ਚੋਰੀ ਕਰ ਕੇ ਲੈ ਗਏ। ਜਦੋਂ ਅਸੀਂ ਉਠੇ ਤਾਂ ਦੇਖਿਆ ਕਿ ਘਰ ਦਾ ਸਾਮਾਨ ਖਿੱਲਰਿਆ ਪਿਆ ਅਤੇ ਅਲਮਾਰੀ ਦੇ ਲਾਕਰ ਟੁੱਟੇ ਪਏ ਹਨ।ਪਲਵਿੰ-ਦਰ ਸਿੰਘ ਨੇ ਦੱਸਿਆ ਕਿ ਚੋਰਾਂ ਨੇ ਬੇਖੌਫ ਹੋ ਕੇ ਚੋਰੀ ਕੀਤੀ ਤੇ ਚੋਰੀ ਹੋਏ ਸੋਨੇ ਦੀ ਕੀਮਤ 11 ਲੱਖ ਰੁਪਏ ਬਣਦੀ ਹੈ। ਉਨ੍ਹਾਂ ਦੱਸਿਆ ਕਿ ਚੋਰਾਂ ਨੇ ਜਾਂਦੇ-ਜਾਂਦੇ ਫਰਿੱਜ ਵਿੱਚ ਪਈਆਂ ਜੂਸ ਦੀਆਂ ਬੋਤਲਾਂ ਅਤੇ ਵ੍ਹਿਸਕੀ ਵੀ ਪੀਤੀ ਹੈ। ਥਾਣਾ ਸਦਰ ਦੀ ਪੁਲਸ ਅਤੇ ਡਾਗ ਸਕੁਐਡ ਨੇ ਸਥਿਤੀ ਦਾ ਜਾਇਜ਼ਾ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਆਰ ਡੀ ਐਕਸ ਬਰਾਮਦਗੀ ਕੇਸ ਦਾ ਮੁੱਖ ਦੋਸ਼ੀ ਜੋਬਨਪੀਤ ਗ੍ਰਿਫਤਾਰ

ਤਰਨ ਤਾਰਨ, 5 ਜੂਨ (ਪੋਸਟ ਬਿਊਰੋ)- ਬੀਤੀ ਅੱਠ ਮਈ ਨੂੰ ਢਾਈ ਕਿਲੋ ਆਈ ਈ ਡੀ ਸਮੇਤ ਗ੍ਰਿਫਤਾਰ ਕੀਤੇ ਗਏ ਦੋ ਨੌਜਵਾਨਾਂ ਤੋਂ ਪੁੱਛਗਿੱਛ ਤੋਂ ਬਾਅਦਤਰਨ ਤਾਰਨ ਪੁਲਸ ਨੇ ਇਸ ਕੇਸ ਵਿੱਚ ਲੋੜੀਂਦੇ ਮੁੱਖ ਜੋਬਨਜੀਤ ਸਿੰਘ ਉਰਫ ਜੋਬਨ ਵਾਸੀ ਅਵਾਣ ਵਸਾਊ ਜ਼ਿਲ੍ਹਾ ਅੰਮ੍ਰਿਤਸਰ ਹਾਲ ਸਵਾਈ ਮਾਧੋਪੁਰ (ਰਾਜਸਥਾਨ) ਨੂੰ ਗ੍ਰਿਫਤਾਰ ਕਰ ਲਿਆ ਅਤੇ ਇਸ ਦੇ ਬਾਅਦ ਅਗਲੀ ਕਾਰਵਾਈ ਲਈ ਪੁਲਸ ਟੀਮ ਲੱਗੀ ਹੋਈ ਹੈ।

ਐਸ ਐਸ ਪੀ ਤਰਨ ਤਾਰਨ ਨੇ ਦੱਸਿਆ ਕਿ ਅੱਠ ਮਈ ਨੂੰ ਤਰਨ ਤਾਰਨ ਪੁਲਸ ਨੇ ਨੌਸ਼ਹਿਰਾ ਪੰਨੂਆਂ ਦੇ ਨੇੜੇ ਬਲਜਿੰਦਰ ਸਿੰਘ ਉਰਫ ਬਿੰਦੂ ਪਿੰਡ ਗੁੱਜਰਪੁਰਾ ਅਤੇ ਜਗਤਾਰ ਸਿੰਘ ਉਰਫ ਜੱਗਾ ਵਾਸੀ ਖਾਨੋਵਾਲ ਜ਼ਿਲ੍ਹਾ ਅੰਮ੍ਰਿਤਸਰ ਨੂੰ ਮੋਟਰ ਸਾਈਕਲ ਉੱਤੇ ਢਾਈ ਕਿਲੋ ਆਈ ਈ ਡੀ ਸਮੱਗਰੀ ਨਾਲ ਫੜਿਆ ਸੀ। ਜਾਂਚਵਿੱਚਉਨ੍ਹਾਂ ਨੇ ਮੰਨਿਆ ਕਿ ਉਨ੍ਹਾਂ ਨੇ ਆਪਣੇ ਸਾਥੀ ਜੋਬਨਜੀਤ ਸਿੰਘ ਦੇ ਕਹਿਣ ਉੱਤੇ ਇਹ ਧਮਾਕਾਖੇਜ਼ ਸਮੱਗਰੀ ਨੌਸ਼ਹਿਰਾ ਪੰਨੂਆਂ ਵਿੱਚ ਲਿਆਂਦੀ ਸੀ।ਜੋਬਨਪ੍ਰੀਤ ਸਿੰਘ ਨੇ ਮੁੱਢਲੀ ਪੁੱਛਗਿੱਛ ਵਿੱਚ ਕਬੂਲ ਕੀਤਾ ਕਿ ਉਸ ਨੇ ਪਾਕਿਸਤਾਨ ਵਾਸੀ ਜਲਾਲ ਸੰਧੂ ਦੇ ਕਹਿਣ ਉੱਤੇ ਉਸ ਨਾਲ ਵਾਟਸਐਪ ਰਾਹੀਂ ਫੋਨ ਉੱਤੇ ਤਾਲਮੇਲ ਕਰ ਕੇ ਇਸ ਧਮਾਕਾਖੇਜ਼ ਸਮੱਗਰੀ ਨੂੰ ਭਾਰਤੀ ਖੇਤਰ ਵਿੱਚ ਲਿਆਂਦਾ ਸੀ। ਉਸ ਨੇ ਮੰਨਿਆ ਕਿ ਪੁਲਸ ਵੱਲੋਂ ਅੱਠ ਮਈ ਨੂੰ ਵਿਸਫੋਟਕ ਸਮੱਗਰੀ ਨਾਲ ਗ੍ਰਿਫਤਾਰ ਕੀਤੇ ਬਲਜਿੰਦਰ ਸਿੰਘ ਅਤੇ ਜਗਤਾਰ ਸਿੰਘ ਨੂੰ ਪੈਸੇ ਦਾ ਲਾਲਚ ਦੇ ਕੇ ਇਸ ਆਰ ਡੀ ਐਕਸ ਨੂੰ ਨੌਸ਼ਹਿਰਾ ਪੰਨੂਆ ਅੱਡੇ ਉੱਤੇ ਫਿੱਟ ਕਰਨ ਨੂੰ ਕਿਹਾ ਸੀ। ਐਸ ਐਸ ਪੀ ਨੇ ਦੱਸਿਆ ਕਿ ਜੋਬਨਪ੍ਰੀਤ ਸਿੰਘ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਰਿਮਾਂਡ ਹਾਸਲ ਕਰ ਲਿਆ ਹੈ ਅਤੇ ਰਿਮਾਂਡ ਦੌਰਾਨ ਉਸ ਪਾਸੋਂ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਆਸ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Harcharan S. Grover
Chartered Accountant
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE





CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਦਿਲ ਟੁੰਬਵੀਂ ਅਸਲ ਕਹਾਣੀ ਉਤੇ ਆਧਾਰਤ ਫਿਲਮ "ਅਧੂਰਾ ਪਿਆਰ"

ਸ਼ਿਕਾਗੋ (ਕੁਲਜੀਤ ਦਿਆਲਪੁਰੀ): "ਡਰੀਮ ਟੱਚ ਫਿਲਮਜ਼" ਵਲੋਂ ਦਿਲ ਟੁੰਬਵੀਂ ਅਸਲ ਕਹਾਣੀ ਉਤੇ ਆਧਾਰਤ ਤਿਆਰ ਕੀਤੀ ਗਈ ਫਿਲਮ "ਅਧੂਰਾ ਪਿਆਰ" ਦਾ ਪ੍ਰੀਮੀਅਮ ਸ਼ੋਅ ਲੰਘੇ ਦਿਨੀਂ ਐਲਕ ਗਰੋਵ ਦੇ ਕਲਾਸਿਕ ਸਿਨੇਮਾ ਵਿਚ ਵਿਖਾਇਆ ਗਿਆ। ਇਸ ਤੋਂ ਪਹਿਲਾਂ ਫਿਲਮ ਦਾ ਸ਼ੋਅ ਕਿਸੇ ਹੋਰ ਸਿਨੇਮਾ ਵਿਚ ਰੱਖਿਆ ਗਿਆ ਸੀ, ਪਰ ਦਰਸ਼ਕਾਂ ਦੀ ਗਿਣਤੀ ਦੇ ਮੱਦੇਨਜ਼ਰ ਦੂਜੇ ਸਿਨੇਮਾ ਦਾ ਹਾਲ ਬੁੱਕ ਕਰਨਾ ਪਿਆ।

ਫਿਲਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਫਿਲਮ ਦੀ ਟੀਮ ਨਾਲ ਭਾਈਚਾਰਕ ਸ਼ਖ਼ਸੀਅਤਾਂ ਦੀ ਮਿਲਣੀ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ ਸੀ। ਫਿਲਮ ਦੀ ਟੀਮ ਨੇ ਸ਼ੂਟਿੰਗ ਦੌਰਾਨ ਹੋਏ ਤਜਰਬੇ ਦਰਸ਼ਕਾਂ ਨਾਲ ਸਾਂਝੇ ਕੀਤੇ ਅਤੇ ਲੋਕਾਂ ਨੇ ਕਲਾਕਾਰਾਂ ਨਾਲ ਤਸਵੀਰਾਂ ਵੀ ਖਿਚਵਾਈਆਂ। ਦਰਸ਼ਕਾਂ ਵਿਚ ਸ਼ਿਕਾਗੋ ਤੋਂ ਇਲਾਵਾ ਵਿਸਕਾਨਸਿਨ ਅਤੇ ਓਹਾਇਓ ਤੋਂ ਆਏ ਸੱਜਣ ਵੀ ਸ਼ੁਮਾਰ ਸਨ।

ਫਿਲਮ ਦੇਖਣ ਉਪਰੰਤ ਦਰਸ਼ਕਾਂ ਨੇ ਫਿਲਮ ਦੀ ਟੀਮ ਦੀ ਸ਼ਲਾਘਾ ਕਰਦਿਆਂ ਉਸ ਨੂੰ ਵਧਾਈ ਦਿੱਤੀ ਅਤੇ ਭਵਿੱਖ ਦੇ ਪ੍ਰਾਜੈਕਟਾਂ ਲਈ ਸ਼ੁੱਭ-ਇੱਛਾਵਾਂ ਦੇਣ ਦੇ ਨਾਲ ਨਾਲ ਕੁਝ ਸੁਝਾਅ ਵੀ ਸਾਂਝੇ ਕੀਤੇ। ਇਹ ਪੰਜਾਬੀ ਦੀ ਪਹਿਲੀ ਫਿਲਮ ਹੈ, ਜਿਸ ਦੀ ਸਾਰੀ ਸ਼ੂਟਿੰਗ ਸ਼ਿਕਾਗੋ ਅਤੇ ਆਸ-ਪਾਸ ਦੇ ਇਲਾਕੇ ਵਿਚ ਹੋਈ ਹੈ। ਸਥਾਨਕ ਪੱਧਰ ਦੀਆਂ ਭਾਈਚਾਰਕ ਸ਼ਖ਼ਸੀਅਤਾਂ ਦਾ ਇਸ ਫਿਲਮ ਵਿਚ ਰੋਲ ਨਿਭਾਉਣਾ ਵੀ ਬੜਾ ਦਿਲਚਸਪ ਹੈ। ਇਕ ਗੰਭੀਰ ਵਿਸ਼ੇ ਨੂੰ ਆਧਾਰ ਬਣਾ ਕੇ ਤਿਆਰ ਕੀਤੀ ਗਈ ਇਸ ਫਿਲਮ ਵਿਚ ਪਿਆਰ, ਵਿਛੋੜਾ, ਤਿਆਗ, ਸੁਨੇਹਾ, ਵਿਅੰਗ ਅਤੇ ਹਾਸਾ-ਠੱਠਾ ਆਦਿ ਹਨ। ਫਿਲਮ ਦੇ ਨਿਰਮਾਤਾ, ਨਿਰਦੇਸ਼ਕ ਤੇ ਲੇਖਕ ਸ. ਇੰਦਰਮੋਹਨ ਸਿੰਘ ਛਾਬੜਾ ਹਨ। ਉਹ ਪੱਤਰਕਾਰੀ ਦੇ ਖੇਤਰ ਤੋਂ ਫਿਲਮ ਖੇਤਰ ਵਿਚ ਆਏ ਹਨ। ਉਹ ਪਹਿਲਾਂ ਦੋ ਲਘੂ ਫਿਲਮਾਂ ਬਣਾ ਚੁਕੇ ਹਨ ਅਤੇ "ਅਧੂਰਾ ਪਿਆਰ" ਉਨ੍ਹਾਂ ਦੀ ਪਹਿਲੀ ਫੀਚਰ ਫਿਲਮ ਹੈ। ਫਿਲਮ ਦੇ ਡਾਇਲਾਗ ਬਖਸ਼ਿੰਦਰ ('ਪੰਜਾਬੀ ਟ੍ਰਿਬਿਊਨ' ਸਣੇ ਹੋਰਨਾਂ ਅਖਬਾਰਾਂ ਵਿਚ ਕੰਮ ਕਰ ਚੁਕੇ) ਅਤੇ ਸ. ਇੰਦਰਮੋਹਨ ਸਿੰਘ ਛਾਬੜਾ ਨੇ ਲਿਖੇ ਹਨ। ਮਾਧੂਰਾ ਸੇਨ, ਪਵਨ ਕੁਮਾਰ ਅਤੇ ਗੁਰਮੁੱਖ ਸਿੰਘ ਭੁੱਲਰ, ਗੁਲਜ਼ਾਰ ਸਿੰਘ




ਮੁਲਤਾਨੀ ਦੀ ਮੁੱਖ ਭੂਮਿਕਾ ਤੋਂ ਇਲਾਵਾ ਡਾ. ਹਰਜਿੰਦਰ ਸਿੰਘ ਖਹਿਰਾ, ਠਾਕਰ ਸਿੰਘ ਬਸਾਤੀ, ਜੱਸੀ ਪਰਮਾਰ, ਚਰਨਦੀਪ ਸਿੰਘ, ਰੂਬੀ ਗਿੱਲ, ਡਾ. ਰਿਆਜ਼ ਬਾਬਰ ਆਦਿ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਵਿਖਾਏ ਹਨ। ਸ. ਇੰਦਰਮੋਹਨ ਸਿੰਘ ਛਾਬੜਾ ਨੇ ਦੱਸਿਆ ਕਿ ਫਿਲਮ ਇੱਕ ਸੱਚੀ ਘਟਨਾ 'ਤੇ ਆਧਾਰਤ ਹੈ, ਜੋ ਸਾਡੇ ਸਮਾਜ ਦਾ ਇੱਕ ਹਿੱਸਾ ਹੈ। ਫਿਲਮ ਦੀ ਕਹਾਣੀ ਇੱਕ ਅਜਿਹੀ ਕੁੜੀ ਦੇ ਹਾਲਾਤ ਦੁਆਲੇ ਵਲੀ ਗਈ ਹੈ, ਜੋ ਆਪਣੀ ਮਾਂ ਦੇ ਲਾਲਚ ਦਾ ਸ਼ਿਕਾਰ ਹੁੰਦੀ ਹੈ। ਮਾਂ ਵਿਦੇਸ਼ ਜਾਣ ਦੇ ਲਾਲਚ ਵੱਸ ਆਪਣੀ ਧੀ (ਪ੍ਰੀਤੀ) ਨੂੰ ਇੱਕ ਵੱਡੀ ਉਮਰ ਦੇ ਵਿਦੇਸ਼ੀ ਲਾੜੇ ਨਾਲ ਵਿਆਹ ਦਿੰਦੀ ਹੈ। ਵਿਆਹ ਉਪਰੰਤ ਅਮਰੀਕਾ ਆ ਜਾਣ 'ਤੇ ਹੀ ਪ੍ਰੀਤੀ ਦੇ ਦੁੱਖਾਂ ਦੀ ਦਾਸਤਾਨ ਸ਼ੁਰੂ ਹੋ ਜਾਂਦੀ ਹੈ। ਫਿਲਮ ਦਾ ਸੰਗੀਤ ਹਰਮੀਤ ਸਿੰਘ ਨੇ ਦਿੱਤਾ ਹੈ। ਐਡੀਟਰ ਸੁਪਇੰਦਰ ਕਲਸੀ ਅਤੇ ਕੈਮਰਾਮੈਨ ਮਹਿੰਦਰ ਰਾਕਾਲਾ ਹਨ। ਦੀਪ ਮੰਗਲੀ, ਸੁਖਵੀਰ ਸੁੱਖ ਅਤੇ ਯਾਦਵਿੰਦਰ ਸਰਾ ਨੇ ਗੀਤ ਲਿਖੇ ਹਨ, ਜਿਨ੍ਹਾਂ ਨੂੰ ਆਵਾਜ਼ ਪਿੱਠਵਰਤੀ ਗਾਇਕਾ ਅਲਕਾ ਯਾਗਨਿਕ ਅਤੇ ਬੱਬੂ ਗੁਰਪਾਲ, ਅਮਨ ਬੱਬੂ ਤੇ ਸੁਖਵੀਰ ਸੁੱਖ ਨੇ ਦਿੱਤੀ ਹੈ। ਫਿਲਮ ਦੀ ਡੱਬਿੰਗ ਦੌਰਾਨ ਕਲਾਕਾਰਾਂ ਦੀ ਅਸਲ ਆਵਾਜ਼ ਡੱਬ ਕਰ ਲਈ ਜਾਂਦੀ ਤਾਂ ਸ਼ਾਇਦ ਗੱਲ ਹੋਰ ਵੀ ਵਧੀਆ ਬਣ ਜਾਣੀ ਸੀ, ਕਿਉਂਕਿ ਸਥਾਨਕ ਕੁਝ ਸ਼ਖ਼ਸੀਅਤਾਂ ਦੀ ਅਸਲ ਆਵਾਜ਼ ਹੈ ਹੀ ਬੜੀ ਦਮਦਾਰ ਤੇ ਅਸਰਦਾਇਕ। ਸ. ਛਾਬੜਾ ਮੁਤਾਬਕ ਕੁਝ ਮੁਸ਼ਕਿਲਾਂ ਅਤੇ ਮਜਬੂਰੀਆਂ ਕਾਰਨ ਕਲਾਕਾਰਾਂ ਦੀ ਅਸਲ ਆਵਾਜ਼ ਨੂੰ ਡੱਬ ਕਰਨਾ ਸੰਭਵ ਨਹੀਂ ਹੋ ਸਕਿਆ। ਉਂਜ ਇੱਕਾ-ਦੁੱਕਾ ਹੋਰ ਕਮੀਆਂ ਰਹਿ ਗਈਆਂ; ਪਰ ਫਿਰ ਵੀ ਕਹਾਣੀ, ਅਦਾਕਾਰੀ ਅਤੇ ਡਾਇਲਾਗ ਵਗੈਰਾ ਦੇ ਸੁਮੇਲ ਨਾਲ ਫਿਲਮ ਪ੍ਰਭਾਵ ਪਾਉਣ ਵਿਚ ਕਾਮਯਾਬ ਰਹੀ।

ਫਿਲਮ ਦਾ ਇਕ ਹੋਰ ਸ਼ੋਅ ਸਿਨਸਿਨੈਟੀ (ਓਹਾਇਓ) ਵਿਚ 20 ਅਤੇ 21 ਅਗਸਤ 2022 ਨੂੰ ਸ਼ਾਮ 6 ਵਜੇ ਹੋਵੇਗਾ। ਇਸ ਤੋਂ ਇਲਾਵਾ ਸਾਊਥਬੈਂਡ (ਇੰਡੀਆਨਾ), ਲੌਂਗ ਆਈਲੈਂਡ (ਨਿਊ ਯਾਰਕ), ਫਰੀਮਾਂਟ (ਕੈਲੀਫੋਰਨੀਆ) ਅਤੇ ਕੁਝ ਹੋਰਨਾਂ ਸ਼ਹਿਰਾਂ ਸਮੇਤ ਕੈਨੇਡਾ ਵਿਚ ਵੀ ਫਿਲਮ ਵਿਖਾਏ ਜਾਣ ਦੀ ਰੂਪ-ਰੇਖਾ ਉਲੀਕੀ ਗਈ ਹੈ।

---

ਹਾਲੇ ਕੁਝ ਦਿਨ ਪਹਿਲਾਂ ਹੀ ਕਿਤੇ ਪੜ੍ਹਿਆ ਸੀ, "ਜ਼ਿੰਦਗੀ ਨੂੰ ਜੀਣਾ ਆਸਾਨ ਨਹੀਂ ਹੁੰਦਾ, ਜ਼ਿੰਦਗੀ ਨੂੰ ਜੀਣਾ ਆਸਾਨ ਬਣਾਉਣਾ ਪੈਂਦਾ ਹੈ- ਕੁਝ ਸਬਰ ਕਰ ਕੇ, ਕੁਝ ਬਰਦਾਸ਼ਤ ਕਰ ਕੇ ਅਤੇ ਬਹੁਤ ਕੁਝ ਨਜ਼ਰ-ਅੰਦਾਜ਼ ਕਰ ਕੇ।" ਫਿਲਮ "ਅਧੂਰਾ ਪਿਆਰ" ਦੀ ਨਾਇਕਾ ਨੇ ਇਸੇ ਤਰਜ਼ ਦੀ ਜ਼ਿੰਦਗੀ ਜੀਣ ਵਾਲੀ ਔਰਤ ਦਾ ਕਿਰਦਾਰ ਨਿਭਾਇਆ ਹੈ; ਤੇ ਨਿਭਾਇਆ ਵੀ ਬਾਖੂਬੀ। ਮਾਧੂਰਾ ਸੇਨ ਉਂਜ ਤਾਂ ਮਰਾਠੀ ਲਘੂ ਫਿਲਮਾਂ ਦੀ ਅਦਾਕਾਰਾ ਹੈ, ਪਰ ਇਸ ਫਿਲਮ ਵਿਚ "ਪ੍ਰੀਤੀ" ਨਾਂ ਦੀ ਕੁੜੀ ਦਾ ਕਿਰਦਾਰ ਨਿਭਾਉਂਦੀ ਉਹ ਮਰਾਠਣ ਲੱਗਦੀ ਹੀ ਨਹੀਂ। ਹਾਲਾਂਕਿ ਬਹੁਤੀ ਪੰਜਾਬਣ ਵੀ ਨਹੀਂ ਲੱਗਦੀ, ਪਰ ਫਿਲਮ ਰਾਹੀਂ ਉਜਾਗਰ ਕੀਤੀ ਗਈ ਔਰਤ ਦੀ ਜਿਸ ਹੋਣੀ ਨੂੰ ਉਸ ਨੇ ਜੀਵਿਆ ਹੈ, ਉਸ ਦਾ ਦਰਦ ਅਧਰੇੜ ਉਮਰ ਦੇ ਵਿਦੇਸ਼ੀ ਲਾੜਿਆਂ ਦੇ ਲੜ ਲੱਗੀਆਂ ਬਹੁਤੀਆਂ ਕੁੜੀਆਂ ਦਾ ਇੱਕੋ ਜਿਹਾ ਹੀ ਹੁੰਦਾ ਹੈ; ਬਸ ਕਿਸਮ ਬਦਲੀ ਹੋਈ ਹੋ ਸਕਦੀ ਹੈ।

ਫਿਲਮ ਦੀ ਕਹਾਣੀ ਮੁਤਾਬਕ ਉਸ ਨੇ ਸਬਰ ਕੀਤਾ, ਬਰਦਾਸ਼ਤ ਕੀਤਾ ਅਤੇ ਜ਼ਿੰਦਗੀ ਸੌਖੀ ਕਰਨ ਲਈ ਬਹੁਤ ਕੁਝ ਨਜ਼ਰ-ਅੰਦਾਜ਼ ਵੀ ਕੀਤਾ। ਇਹ ਸਭ ਹੰਢਾਉਂਦੀ ਹੋਈ ਉਹ ਜਿੱਤ ਦੇ ਰਾਹ ਪੈ ਗਈ ਸੀ- ਆਪਣਾ ਆਪ ਦਾਅ 'ਤੇ ਲਾ ਕੇ ਅਤੇ ਆਪਣੇ ਆਪ ਨੂੰ ਹਰਾ ਕੇ ਵੀ। ਜ਼ਿੰਦਗੀ ਦੀਆਂ ਦਰਪੇਸ਼ ਸਮੱਸਿਆਵਾਂ ਨੂੰ ਪਛਾੜ ਕੇ ਉਹ ਜਿਸ ਰਾਹ ਉਤੇ ਸੰਭਾਵੀ ਸੁੱਖਾਂ ਲੱਦੇ ਪਲ ਮਾਣਦੀ ਆਪਣੇ ਸੁਫਨਿਆਂ ਨੂੰ ਛੂਹ ਸਕਦੀ ਸੀ, ਜ਼ਿੰਦਗੀ ਵਿਚ ਨਵਾਂ ਮੋੜ ਆ ਪੈਣ 'ਤੇ ਉਸ ਨੇ ਉਹ ਰਾਹ ਬੇਝਿਜਕ ਤਿਆਗ ਦਿੱਤਾ। ਜਿਸ ਹਾਲਾਤ ਨੇ ਉਸ ਨੂੰ ਬਿਖੜੇ ਪੈਂਡਿਆਂ 'ਤੇ ਪਾਇਆ, ਉਸ ਨੇ ਇਕ ਆਸਾਵਾਦੀ ਤੇ ਮਨੁੱਖਤਾਵਾਦੀ ਬਣਦਿਆਂ ਉਸੇ ਨੂੰ ਤਰਜੀਹ ਦਿੱਤੀ।

ਫਿਲਮ ਦੀ ਕਹਾਣੀ ਵਿਚ ਤ੍ਰਾਸਦਿਕ ਘਟਨਾਵਾਂ ਨੂੰ ਬੀੜਿਆ ਗਿਆ ਹੈ ਅਤੇ ਇਸ ਦਾ ਅੰਤ ਦੁੱਖਾਂ-ਸੁਖਾਂ ਵਾਲਾ ਪੇਸ਼ ਕੀਤਾ ਗਿਆ। ਤਸ਼ੱਦਦ ਬਰਦਾਸ਼ਤ ਕਰਦਿਆਂ ਘੁਟਣ ਭਰੀ ਜ਼ਿੰਦਗੀ 'ਚੋਂ ਨਿਕਲਣ ਲਈ ਕੁੜੀ ਦਾ ਤਰਦੱਦ ਕਰਨਾ, ਵਡੇਰੀ ਉਮਰ ਦੇ ਲਾੜੇ ਦਾ ਹੱਦੋਂ ਵੱਧ ਸ਼ਰਾਬ ਪੀਣਾ ਤੇ ਸ਼ਰਾਬ ਦੀ ਲਤ ਦਾ ਨਤੀਜਾ ਅਤੇ ਉਸ ਪਿੱਛੋਂ ਨਵੇਂ ਰਾਹ ਤੁਰਦੀ-ਤੁਰਦੀ ਨਾਇਕਾ ਦਾ ਪਿੱਛਲ-ਪੈਰੀਂ ਮੁੜ ਜਾਣਾ ਸਬਕ ਵੀ ਸਿਖਾਉਂਦਾ ਹੈ ਤੇ ਸੁਨੇਹਾ ਵੀ ਦਿੰਦਾ ਹੈ।

ਫਿਲਮ ਵਿਚ ਇਹ ਦਿਖਾਇਆ ਗਿਆ ਹੈ ਕਿ ਪੰਜਾਬ ਰਹਿੰਦੇ ਜਿਹੜੇ ਪਰਿਵਾਰ ਆਪਣੀਆਂ ਕੁੜੀਆਂ ਨੂੰ ਵਿਦੇਸ਼ ਭੇਜਣ ਜਾਂ ਆਪ ਜਾ ਸੈਟਲ ਹੋਣ ਦੇ ਲਾਲਚਵੱਸ ਆਪਣੀਆਂ ਧੀਆਂ ਨੂੰ ਵਡੇਰੀ ਉਮਰ ਦੇ ਲਾੜਿਆਂ ਨਾਲ ਤੋਰ ਦਿੰਦੇ ਹਨ, ਉਹ ਆਪਣੀਆਂ ਧੀਆਂ ਦੀਆਂ ਸੱਧਰਾਂ ਦਾ ਕਤਲ ਆਪ ਕਰ ਦਿੰਦੇ ਹਨ। ਪਿਛੋਂ ਕੁਝ ਵਿਆਹ ਤਾਂ ਠੀਕ ਨਿਭ ਜਾਂਦੇ ਹਨ, ਪਰ ਜਿੱਥੇ ਅਸੁਰੱਖਿਅਤ ਦੀ ਭਾਵਨਾ ਪੈਦਾ ਹੋ ਜਾਵੇ ਤਾਂ ਦੋਹਾਂ ਪਰਿਵਾਰਾਂ ਵਿਚ ਕਲੇਸ਼ ਵਧ ਜਾਂਦਾ ਹੈ। ਇਸ ਸਭ ਕਸ਼ਮਕਸ਼ ਵਿਚੋਂ ਨਿਕਲਣ ਦੀ ਆਸ ਅਤੇ ਆਜ਼ਾਦੀ ਲਈ ਨਵੇਂ ਰਾਹ ਉਤੇ ਤੁਰਦੀ ਜ਼ਿੰਦਗੀ ਸਮਾਜ ਵਿਚ ਨਾਮਨਜ਼ੂਰ ਹੈ।

ਫਿਲਮ ਦੀ ਕਹਾਣੀ ਅਸਲ ਵਿਚ ਸਿਰਫ ਤਿੰਨ ਕਿਰਦਾਰਾਂ- ਪ੍ਰੀਤੀ (ਮਾਧੂਰਾ ਸੇਨ), ਬਿੰਦਰ (ਪਵਨ ਕੁਮਾਰ, ਓਹਾਇਓ) ਅਤੇ ਇੰਦਰ (ਗੁਰਮੁੱਖ ਸਿੰਘ ਭੁੱਲਰ, ਸ਼ਿਕਾਗੋ) ਦੁਆਲੇ ਹੀ ਘੁੰਮਦੀ ਹੈ; ਪਰ ਇਸ ਦਾ ਧਰਾਤਲ ਵਿਸ਼ਾਲ ਹੈ। ਜੇ ਪਿਆਰ ਉੱਡਣ ਦੀ ਤੌਫੀਕ ਬਖਸ਼ਦਾ ਹੈ ਤਾਂ ਪਿਆਰ ਨੂੜ ਵੀ ਲੈਂਦਾ ਹੈ। ਫਿਲਮ ਦੀ ਨਾਇਕਾ ਦੁਸ਼ਵਾਰੀਆਂ ਝੱਲਦੀ ਹੋਣ ਦੇ ਬਾਵਜੂਦ ਖ਼ੁਸ਼ੀਆਂ (ਆਜ਼ਾਦੀ ਵੀ) ਲੱਭਣ ਲਈ ਉਡਾਣ ਭਰਦੀ ਹੈ, ਪਰ ਖੰਭ ਉਹਦੇ ਰਿਸ਼ਤਿਆਂ ਦੀ ਮੁੱਠੀ ਵਿਚ ਕੈਦ ਹਨ। ਜਿਉਂ-ਜਿਉਂ ਫਿਲਮ ਦੀ ਕਹਾਣੀ ਤੁਰਦੀ ਗਈ ਹੈ, ਕਿਰਦਾਰਕਸ਼ੀ ਵੀ ਸਪਸ਼ਟ ਹੁੰਦੀ ਗਈ ਹੈ; ਤੇ ਬੌਧਿਕ ਪੱਧਰ 'ਤੇ ਤਬਦੀਲੀ ਵੀ ਆਉਂਦੀ ਗਈ ਹੈ। ਅਖੀਰ ਪਿਆਰ ਮੁਕੰਮਲ ਵੀ ਹੋ ਗਿਆ ਤੇ ਅਧੂਰੇ ਦਾ ਅਧੂਰਾ ਵੀ ਰਹਿ ਗਿਆ। ਫਿਲਮ ਵਿਚ ਇਸੇ ਦੋ-ਪੜਾਵੀ ਕਸ਼ਮਕਸ਼ ਨੂੰ ਪੇਸ਼ ਕੀਤਾ ਗਿਆ ਹੈ।

ਫਿਲਮ ਵਿਚ ਇੰਦਰ ਦਾ ਕਿਰਦਾਰ ਨਿਭਾਉਣ ਵਾਲੇ ਸ. ਗੁਰਮੁੱਖ ਸਿੰਘ ਭੁੱਲਰ ਨੇ ਵੀ ਆਸ ਮੁਤਾਬਕ ਸ਼ਲਾਘਾਯੋਗ ਅਦਾਕਾਰੀ ਕੀਤੀ ਹੈ। ਫਿਲਮ ਵਿਚ ਬਿੰਦਰ ਨੇ ਇੱਕ ਮਦਦਗਾਰ ਤੇ ਹਮਦਰਦੀ ਰੱਖਣ ਵਾਲੇ ਬੰਦੇ ਦਾ ਕਿਰਦਾਰ ਨਿਭਾਉਂਦਿਆਂ ਪਿਆਰ ਵਿਚ ਵਿਛੋੜੇ ਦਾ ਦਰਦ ਹੰਢਾਇਆ ਅਤੇ ਕਹਾਣੀ ਮੁਤਾਬਕ ਸਹਿਜ ਰਹਿਣ ਦੀ ਕੋਸ਼ਿਸ਼ ਕੀਤੀ ਹੈ, ਪਰ ਅਖੀਰ ਵਿਚ ਅਸਹਿਜ ਅਵਸਥਾ ਵਿਚ ਇਕ ਹਾਦਸੇ ਦਾ ਸ਼ਿਕਾਰ ਹੋ ਜਾਂਦਾ ਹੈ। ਅੱਖਾਂ ਦਾਨ ਕਰਨ ਦਾ ਲਿਆ ਉਸ ਦਾ ਫੈਸਲਾ ਦੋ ਹੋਰਾਂ ਦੀ ਜ਼ਿੰਦਗੀ ਵਿਚ ਰੌਸ਼ਨੀ ਕਰ ਦਿੰਦਾ ਹੈ।

ਜ਼ਿਕਰਯੋਗ ਹੈ ਕਿ ਸ. ਭੁੱਲਰ ਅਕਸਰ ਵਿਅੰਗ ਤੇ ਹਾਸ-ਰਸ ਭਰਪੂਰ ਸਕਿੱਟਾਂ ਕਰਦੇ ਰਹਿੰਦੇ ਹਨ। ਹਾਲੇ ਪਿੱਛੇ ਜਿਹੇ ਸ. ਭੁੱਲਰ ਤੇ ਉਨ੍ਹਾਂ ਦੀ ਟੀਮ ਵਲੋਂ "ਸਵੇਰਾ" ਦੇ ਲੋਹੜੀ ਸਮਾਗਮ ਅਤੇ ਕੁਝ ਸੰਸਥਾਵਾਂ ਵਲੋਂ ਸਾਂਝੇ ਤੌਰ 'ਤੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਮੌਕੇ ਪੰਜਾਬੀ ਬੋਲੀ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਵਿਚ ਪੇਸ਼ ਕੀਤੀਆਂ ਗਈਆਂ ਦੋਵੇਂ ਸਕਿੱਟਾਂ ਲਾਜਵਾਬ ਸਨ। ਹੋਰਨਾਂ ਸੱਭਿਆਚਾਰਕ ਤੇ ਸਮਾਜਿਕ ਸਮਾਗਮਾਂ ਵਿਚ ਵੀ ਉਹ ਗਾਹੇ-ਬਗਾਹੇ ਤਨਜ਼ਾਂ ਭਰਪੂਰ ਤੇ ਹਾਸੇ ਭਰੀਆਂ ਪੇਸ਼ਕਾਰੀਆਂ ਰਾਹੀਂ ਦਰਸ਼ਕਾਂ ਦਾ ਧਿਆਨ ਖਿੱਚ ਲੈਂਦੇ ਹਨ। ਫਿਲਮ "ਅਧੂਰਾ ਪਿਆਰ" ਤੋਂ ਇਲਾਵਾ ਉਨ੍ਹਾਂ ਦੋ ਹੋਰ ਫਿਲਮਾਂ ਵਿਚ ਵੀ ਕੰਮ ਕੀਤਾ ਹੈ ਅਤੇ ਨਿੱਕੇ-ਮੋਟੇ ਕਿਰਦਾਰ ਵੀ ਨਿਭਾਏ ਹਨ।

ਇਸੇ ਤਰ੍ਹਾਂ ਫਿਲਮ ਵਿਚ ਬਿੰਦਰ ਦਾ ਕਿਰਦਾਰ ਨਿਭਾਉਣ ਵਾਲੇ ਪਵਨ ਕੁਮਾਰ ਵੀ ਕੁਝ ਲਘੂ ਤੇ ਫੀਚਰ ਫਿਲਮਾਂ ਵਿਚ ਕੰਮ ਕਰ ਚੁਕੇ ਹਨ। ਨਵੀਂ ਆ ਰਹੀ ਪੰਜਾਬੀ ਫਿਲਮ 'ਪੋਸਤੀ' ਵਿਚ ਵੀ ਪਵਨ ਕੁਮਾਰ ਨੇ ਭੂਮਿਕਾ ਨਿਭਾਈ ਹੈ। ਨਾਮੀ ਪੰਜਾਬੀ ਅਦਾਕਾਰਾ ਅਨੀਤਾ ਸ਼ਬਦੀਸ਼ ਪਵਨ ਸੀ ਸਕੀ ਭੈਣ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*.
Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਭਗਤ ਪੂਰਨ ਸਿੰਘ ਪਿੰਗਲਵਾੜਾ ਨੂੰ ਯਾਦ ਕਰਦਿਆਂ

ਸੁਖਚੈਨ ਸਿੰਘ ਕੁਰੜ

4 ਜੂਨ 1904 ਨੂੰ ਛਿੱਬੂ ਮੱਲ ਅਤੇ ਮਹਿਤਾਬ ਕੌਰ ਦੇ ਘਰ ਪਿੰਡ ਰਾਜੇਵਾਲ ਰੋਹਣੋ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਬੱਚੇ ਦਾ ਜਨਮ ਹੋਇਆ। ਜਿਸਦਾ ਨਾਂ ਰਾਮਜੀ ਦਾਸ ਰੱਖਿਆ ਗਿਆ । ਛਿੱਬੂ ਮੱਲ ਇੱਕ ਚੰਗੇ ਸ਼ਾਹੂਕਾਰ ਸਨ ਅਤੇ ਮਾਤਾ ਮਹਿਤਾਬ ਕੌਰ ਧਾਰਮਿਕ ਬਿਰਤੀ ਦੇ ਮਾਲਿਕ ਸਨ। ਉਨ੍ਹਾਂ ਨੇ ਰਾਮਜੀ ਦਾਸ ਨੂੰ ਬਚਪਨ ਵਿੱਚ ਅਨੇਕਾਂ ਮਹਾਂਪੁਰਸ਼ਾਂ ਦੀਆਂ ਸਾਖੀਆਂ ਸੁਣਾਈਆਂ ਜਿਨ੍ਹਾਂ ਦਾ ਪ੍ਰਭਾਵ ਰਾਮਜੀ ਦਾਸ ਦੇ ਜੀਵਨ ਉੱਪਰ ਅੱਗੇ ਜਾ ਕੇ ਬਹੁਤ ਪਿਆ।

ਮੁੱਢਲੀ ਵਿੱਦਿਆ ਉਨ੍ਹਾਂ ਨੇ ਪਿੰਡ ਦੇ ਸਰਕਾਰੀ ਸੀਨੀਅਰ ਸਕੂਲ ਖੰਨਾ ਤੋਂ ਪ੍ਰਾਪਤ ਕੀਤੀ। ਦਸਵੀਂ ਜਮਾਤ ਵਿੱਚ ਪੜ੍ਹਦਿਆਂ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ ਅਤੇ ਅਚਾਨਕ ਘਰ ਵਿੱਚ ਗ਼ਰੀਬੀ ਆ ਜਾਣ ਕਾਰਨ ਪੜ੍ਹਾਈ ਵੀ ਵਿਚਾਲੇ ਹੀ ਛੱਡਣੀ ਪਈ।

1923 ਵਿੱਚ ਰਾਮ ਜੀ ਦਾਸ ਨੇ ਲੁਧਿਆਣੇ ਜਦ ਦਸਵੀਂ ਦਾ ਇਮਤਿਹਾਨ ਦਿੱਤਾ ਤਾਂ ਉਹਨਾਂ ਦੇ ਜੀਵਨ ਵਿੱਚ ਇੱਕ ਘਟਨਾ ਘਟੀ, ਜਿਸ ਦੇ ਚੱਲਦਿਆਂ ਉਹਨਾਂ ਦਾ ਝੁਕਾਅ ਗੁਰੂ ਘਰ ਵੱਲ ਜ਼ਿਆਦਾ ਹੋ ਗਿਆ ਤੇ ਉਹ ਡੇਹਰਾ ਸਾਹਿਬ ਲਾਹੌਰ ਸੇਵਾ ਕਰਦੇ ਰਹੇ। ਇਸ ਸਮੇਂ ਦੌਰਾਨ ਉਹਨਾਂ ਨੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰ ਲਿਆ ਤੇ ਰਾਮ ਜੀ ਦਾਸ ਤੋਂ 'ਪੂਰਨ ਸਿੰਘ' ਬਣ ਗਏ।

ਉਹਨਾਂ ਨੇ 1924 ਈ: ਤੋਂ 1947 ਈਸਵੀ ਤੱਕ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ ਛਾਇਆ ਹੇਠ ਆਪਣਾ ਜੀਵਨ ਬਤੀਤ ਕੀਤਾ।

ਇਸ ਦੌਰਾਨ 1934 ਵਿੱਚ ਜਦੋਂ ਉਹ ਲਾਹੌਰ ਵਿਖੇ ਗੁਰਦੁਆਰਾ ਡੇਰਾ ਸਾਹਿਬ ਵਿਖੇ ਸੇਵਾ ਕਰਦੇ ਸਨ ਤਾਂ ਇੱਕ ਦਿਨ ਉਹਨਾਂ ਨੂੰ ਗੁਰਦੁਆਰੇ ਦੇ ਗੇਟ ਤੋਂ ਬਾਹਰ ਇੱਕ ਚਾਰ ਸਾਲ ਦਾ ਅਪਾਹਿਜ ਬੱਚਾ ਮਿਲਿਆ।

ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰ ਕੇ ਆਖਿਆ, "ਪੂਰਨ ਸਿੰਘ! ਤੂੰ ਅੱਜ ਤੋਂ ਇਸ ਬੱਚੇ ਦੀ ਸੇਵਾ-ਸੰਭਾਲ ਕਰ।" ਭਗਤ ਜੀ ਲਈ ਇਹ ਬੱਚਾ ਪਿਆਰ ਦਾ ਸੋਮਾ ਹੋ ਨਿਬੜਿਆ ਤੇ ਉਸ ਦਾ ਨਾਂ 'ਪਿਆਰਾ ਸਿੰਘ' ਹੋ ਗਿਆ। ਭਗਤ ਪੂਰਨ ਸਿੰਘ ਕਈ ਸਾਲ ਇਸ ਲਾਚਾਰ ਬੱਚੇ ਨੂੰ ਵੱਖ-ਵੱਖ ਥਾਵਾਂ 'ਤੇ ਮੋਢਿਆਂ 'ਤੇ ਚੁੱਕ ਕੇ ਫਿਰਦੇ ਰਹੇ ਕਿਉਂਕਿ ਉਸ ਵੇਲੇ ਉਨ੍ਹਾਂ ਕੋਲ ਕੋਈ ਪੱਕੀ ਜਗ੍ਹਾ ਨਹੀਂ ਸੀ।

1949 ਤੋਂ 1958 ਈ: ਤੱਕ ਭਗਤ ਪੂਰਨ ਸਿੰਘ ਨੇ ਫੁੱਟਪਾਥਾਂ, ਰੁੱਖਾਂ ਦੀ ਛਾਂਵੇਂ ਲਵਾਰਿਸਾਂ ਅਤੇ ਪੀੜਤ ਲੋਕਾਂ ਦੀ ਸੇਵਾ-ਸੰਭਾਲ ਕੀਤੀ। ਭਗਤ ਪੂਰਨ ਸਿੰਘ ਜੀ ਨੇ ਆਪਣਾ ਜ਼ਿਆਦਾਤਰ ਜੀਵਨ ਬਿਨਾਂ ਕਿਸੇ ਸਵਾਰਥ ਤੋਂ ਬਜ਼ੁਰਗਾਂ, ਬਿਮਾਰਾਂ ਅਤੇ ਬੇਆਸਰਿਆਂ ਨੂੰ ਸਮਰਪਿਤ ਕੀਤਾ। ਇਸ ਦੌਰਾਨ ਭਗਤ ਜੀ ਨੂੰ ਜੋ ਵੀ ਸਮਾਂ ਮਿਲਦਾ, ਉਹ ਵੱਖ-ਵੱਖ ਲਾਇਬ੍ਰੇਰੀਆਂ ਵਿਚ ਸਮਾਜ ਦੀਆਂ ਵੱਖ-ਵੱਖ ਸਮੱਸਿਆਵਾਂ ਦਾ ਅਧਿਐਨ ਕਰਦੇ ਅਤੇ ਉਨ੍ਹਾਂ ਦੇ ਦੁੱਖਾਂ ਦੇ ਹੱਲ ਬਾਰੇ ਸੋਚਦੇ।

ਇਸ ਦੌਰਾਨ ਸਮੇਂ ਦੀ ਲੋੜ ਸਮਝਦਿਆਂ 30 ਮਈ, 1955 ਨੂੰ ਭਗਤ ਜੀ ਨੇ 'ਪੂਰਨ ਪ੍ਰਿੰਟਿੰਗ ਪ੍ਰੈੱਸ' ਦੀ ਸਥਾਪਨਾ ਕੀਤੀ ਸੀ। 6 ਸਤੰਬਰ, 1957 ਨੂੰ ਉਨ੍ਹਾਂ ਨੇ ਰਜਿਸਟਰਾਰ ਆਫ ਕੰਪਨੀਜ਼, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਤੋਂ 'ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:) ਅੰਮ੍ਰਿਤਸਰ' ਦੀ ਰਜਿਸਟ੍ਰੇਸ਼ਨ ਕਰਵਾਈ ਸੀ। 27 ਨਵੰਬਰ 1958 ਨੂੰ ਭਗਤ ਜੀ ਨੇ 16,964 ਰੁਪਏ ਵਿਚ ਮੌਜੂਦਾ ਪਿੰਗਲਵਾੜੇ ਵਾਲੀ ਥਾਂ (ਤਹਿਸੀਲਪੁਰਾ, ਜੀ. ਟੀ. ਰੋਡ, ਅੰਮ੍ਰਿਤਸਰ) ਖਰੀਦੀ ਜੋ ਕਿ ਬੇਆਸਰਿਆਂ ਲਈ ਆਸਰਾ ਬਣੀ।

ਮਾਣ ਸਨਮਾਨ:- ਭਗਤ ਪੂਰਨ ਸਿੰਘ ਜੀ ਨੂੰ ਭਾਰਤ ਸਰਕਾਰ ਵੱਲੋਂ 1981 ਵਿੱਚ 'ਪਦਮਸ਼੍ਰੀ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 1984 ਵਿੱਚ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੀ ਘਟਨਾ ਦਾ ਭਗਤ ਪੂਰਨ ਸਿੰਘ ਦੇ ਸੇਵਾ ਭਾਵਨਾ ਵਾਲ਼ੇ ਮਨ ਨੂੰ ਗਹਿਰਾ ਸਦਮਾ ਪਹੁੰਚਿਆ ਜਿਸ ਦੇ ਰੋਸ ਵਜੋਂ ਭਗਤ ਪੂਰਨ ਸਿੰਘ ਨੇ 'ਪਦਮਸ਼੍ਰੀ' ਐਵਾਰਡ ਵਾਪਿਸ ਕਰ ਦਿੱਤਾ। ਉਨ੍ਹਾਂ ਨੂੰ 1990 ਵਿਚ 'ਹਾਰਮਨੀ ਪੁਰਸਕਾਰ', 1991 ਵਿੱਚ 'ਰੋਗ ਰਤਨ ਪੁਰਸਕਾਰ' ਅਤੇ 1991 ਵਿੱਚ ਹੀ ਭਾਈ ਘਨੱ੍ਈਆ ਐਵਾਰਡ ਨਾਲ਼ ਨਿਵਾਜਿਆ ਗਿਆ। ਪੰਜਾਬ ਵਿਰਾਸਤ ਸੰਸਥਾ ਸ਼ਿਕਾਗੋ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਉਨ੍ਹਾਂ ਨੂੰ ਸਨਮਾਨਿਤ ਕੀਤਾ।

ਭਗਤ ਪੂਰਨ ਸਿੰਘ ਪਿੰਗਲਵਾੜਾ ਨਾਂ ਪੜ੍ਹਦਿਆਂ ਸਾਡੇ ਮਨ ਵਿੱਚ ਉਹਨਾਂ ਦੀ ਸੇਵਾ ਭਾਵਨਾ ਦਾ ਖਿਆਲ ਆਉਂਦਿਆਂ ਸਿਰ ਝੁਕਦਾ ਪਰ ਇੱਥੇ ਉਹਨਾਂ ਦੀ ਸਾਹਿਤਕ ਰੁਚੀ ਦਾ ਜ਼ਿਕਰ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਜਿਵੇਂ ਅਸੀਂ ਜਾਣਦੇ ਹਾਂ ਕਿ ਭਗਤ ਪੂਰਨ ਸਿੰਘ ਦੇ ਜੀਵਨ ਦਾ ਮੂਲ ਸੰਕਲਪ ਮਾਨਵ ਭਲਾਈ ਸੀ। ਆਪਣੇ ਇਸ ਸੰਕਲਪ ਦੀ ਪੂਰਤੀ ਲਈ ਭਗਤ ਪੂਰਨ ਸਿੰਘ ਨੇ 23 ਦੇ ਕਰੀਬ ਪੁਸਤਕਾਂ ਤੇ ਕਿਤਾਬਚੇ ਪ੍ਰਕਾਸ਼ਿਤ ਕਰਵਾਏ ਜਿੰਨ੍ਹਾਂ ਵਿੱਚ ਸਾਹਿਤ ਦੇ ਵੱਖ-ਵੱਖ ਰੂਪ ਮੌਜੂਦ ਹਨ। ਭਗਤ ਪੂਰਨ ਸਿੰਘ ਨੇ ਸਭ ਤੋਂ ਵੱਧ ਨਿਬੰਧ ਰੂਪੀ ਸਾਹਿਤ ਵਿੱਚ ਆਪਣੇ ਸੰਦੇਸ਼ ਜਨ-ਸਾਧਾਰਨ ਤਕ ਪਹੁੰਚਾਏ।

ਭਗਤ ਪੂਰਨ ਸਿੰਘ ਦੇ ਸਾਰੇ ਸਾਹਿਤ ਨੂੰ ਸਮਝਿਆਂ ਉਹਨਾਂ ਦੀਆਂ ਰਚਨਾਵਾਂ ਦੇ ਵਿਸ਼ੇ ਵਾਤਾਵਰਣ, ਵਿਹਾਰਕ ਜੀਵਨ, ਸਿਹਤ, ਨੈਤਿਕਤਾ, ਵਰਤਮਾਨ ਅਤੇ ਭਵਿੱਖ ਨਾਲ ਜੁੜੇ ਹੋਏ ਮਿਲਦੇ ਹਨ। ਉਨ੍ਹਾਂ ਦੀਆਂ ਲਿਖਤਾਂ ਦਾ ਮੂਲ ਮਨੋਰਥ ਹੀ ਮਨੁੱਖੀ ਜਾਤੀ ਦੀ ਭਲਾਈ, ਰੱਖਿਆ ਤੇ ਵਾਤਾਵਰਣ ਸਬੰਧੀ ਸਮੱਸਿਆਵਾਂ ਦੇ ਵਿਸ਼ੇਸ਼ ਦ੍ਰਿਸ਼ਟੀ ਤੋਂ ਹੱਲ ਪੇਸ਼ ਕਰਨਾ ਹੈ।

ਉਨ੍ਹਾਂ ਦੇ ਲਿਖਣ ਦਾ ਢੰਗ ਨਿਵੇਕਲਾ ਸੀ। ਉਨ੍ਹਾਂ ਨੇ ਬਹੁਤ ਸਰਲ, ਸੰਖੇਪ ਅਤੇ ਮੂਲਵਾਨ ਸਾਹਿਤ ਸਿਰਜਣਾ ਕੀਤੀ। ਭਗਤ ਪੂਰਨ ਸਿੰਘ ਨੇ 6 ਮਾਰਚ 1957 ਨੂੰ ਪੂਰਨ ਪ੍ਰਿੰਟਿੰਗ ਪ੍ਰੈਸ ਦੀ ਸਥਾਪਨਾ ਕੀਤੀ ਸੀ। ਇੱਥੋਂ ਪ੍ਰਕਾਸ਼ਤ ਸਾਰਾ ਸਾਹਿਤ ਮੁਫਤ ਰੂਪ ਵਿੱਚ ਪਾਠਕਾਂ ਵਿੱਚ ਵੰਡਿਆਂ ਜਾਂਦਾ ਅਤੇ ਅੱਜ ਵੀ ਇਹ ਪਿਰਤ ਪਿੰਗਲਵਾੜਾ ਸੰਸਥਾ ਵਲੋਂ ਨਿਰੰਤਰ ਜਾਰੀ ਹੈ।

ਭਗਤ ਪੂਰਨ ਸਿੰਘ ਦੀ ਸੋਚ ਸੀ ਕਿ ਕੋਈ ਵੀ ਪਾਠਕ ਪੈਸੇ ਦੀ ਕਮੀ ਕਾਰਨ ਗਿਆਨ ਪ੍ਰਾਪਤੀ ਤੋਂ ਵਾਂਝਾ ਨਾ ਰਹੇ। ਉਨ੍ਹਾਂ ਨੇ ਆਪਣੀ ਕਲਮ ਰਾਹੀਂ ਲੋਕਾਂ ਵਿੱਚ ਚੇਤਨਾ ਪੈਦਾ ਕਰਨ ਦਾ ਉਪਰਾਲਾ ਕੀਤਾ।

ਨਿਸ਼ਕਾਮ ਸੇਵਾ ਕਰਦੇ ਹੋਏ ਉਹ 5 ਅਗਸਤ, 1992 ਨੂੰ ਸਰੀਰ ਤਿਆਗ ਗਏ। ਆਪਣੀ ਨਿਸ਼ਕਾਮ ਸੇਵਾ ਤੇ ਵਿਲੱਖਣ ਸਾਹਿਤ ਸਿਰਜਣਾ ਸਦਕਾ ਉਹ ਹਮੇਸ਼ਾ ਸਾਡੇ ਅੰਗ ਸੰਗ ਰਹਿਣਗੇ। ਅਜਿਹੀਆਂ ਮਹਾਨ ਰੂਹਾਂ ਨੂੰ ਯਾਦ ਕਰਦਿਆਂ, ਉਹਨਾਂ ਦੇ ਕੀਤੇ ਨੇਕ ਕਾਰਜਾਂ ਨੂੰ ਸਜਦੇ ਕਰਦਿਆਂ ਅੱਜ ਲੋੜ ਹੈ ਕਿ ਅਸੀਂ ਵੀ ਉਹਨਾਂ ਦੇ ਬਣਾਏ ਰਾਹਾਂ ਦੇ ਰਾਹੀ ਬਣੀਏ।

# ਪਿਛਲੀ ਅੱਧੀ ਸਦੀ ਵਿੱਚ ਵਧਦੇ ਗਲੋਬਲ ਤਾਪਮਾਨ ਨੇ ਨਵੇਂ ਸੰਕਟ ਪੈਦਾ ਕੀਤੇ ਹਨ

ਵਿਜੈ ਗਰਗ, ਸੇਵਾ ਮੁਕਤ ਪ੍ਰਿੰਸੀਪਲ ਤੇ ਸਿੱਖਿਆ ਸ਼ਾਸਤਰੀ ਮਲੋਟ

ਧਰਤੀ ਦੇ ਵਾਤਾਵਰਣ ਨੂੰ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਵਿਕਸਤ ਦੇਸ਼ ਓਨਾ ਖਰਚ ਨਹੀਂ ਕਰ ਰਹੇ, ਜਿੰਨਾ ਖਰਚ ਕਰਨਾ ਪੈਂਦਾ ਹੈ ਅਤੇ ਆਪਣੀਆਂ ਜ਼ੰਮੇਵਾਰੀਆਂ ਤੋਂ ਵੀ ਭੱਜ ਰਹੇ ਹਨ। ਦੀ ਰਿਪੋਰਟ ਇਸ ਤੱਥ ਨੂੰ ਰੇਖਾਂਕਿਤ ਕਰਦੀ ਹੈ ਕਿ ਸੰਭਾਵਿਤ ਖਰਚੇ ਅਤੇ ਅਸਲ ਖਰਚੇ ਵਿਚਕਾਰ ਪਾੜਾ ਵਧ ਰਿਹਾ ਹੈ।

ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ () ਦੇ ਮਾਹਰਾਂ ਦੁਆਰਾ ਹਾਲ ਹੀ ਵਿੱਚ ਜਾਰੀ ਕੀਤੇ ਗਏ ਅੰਕੜੇ ਵਾਤਾਵਰਣ ਸੰਕਟ ਦੀ ਇੱਕ ਡਰਾਉਣੀ ਤਸਵੀਰ ਪੇਂਟ ਕਰਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਅਸੀਂ ਆਪਣੀਆਂ ਲੋੜਾਂ ਇੰਨੀਆਂ ਵਧਾ ਲਈਆਂ ਹਨ ਕਿ ਧਰਤੀ ਦੇ ਕੁਦਰਤੀ ਸਰੋਤਾਂ ਦੀ ਬੇਕਾਬੂ ਲੁੱਟ ਸਾਡੀ ਮਜਬੂਰੀ ਬਣ ਗਈ ਹੈ। ਜੇਕਰ ਇਸ ਤਰ੍ਹਾਂ ਚੱਲਦਾ ਰਿਹਾ, ਤਾਂ ਈਕੋਸਿਸਟਮ ਜ਼ਿਆਦਾ ਦੇਰ ਤੱਕ ਸਾਡਾ ਸਾਥ ਨਹੀਂ ਦੇ ਸਕੇਗਾ।

ਵਾਤਾਵਰਣ ਮਾਹਿਰਾਂ ਦੀ ਇਹ ਚੇਤਾਵਨੀ ਅਜਿਹੇ ਸਮੇਂ ਆਈ ਹੈ ਜਦੋਂ ਧਰਤੀ ਨੂੰ ਬਚਾਉਣ ਲਈ ਪੂਰੀ ਦੁਨੀਆ ਵਿੱਚ ਆਵਾਜ਼ ਉਠਾਈ ਜਾ ਰਹੀ ਹੈ। ਇਸੇ ਲਈ ਇਸ ਵਾਰ ਵਿਸ਼ਵ ਵਾਤਾਵਰਨ ਦਿਵਸ ਦਾ ਕੇਂਦਰੀ ਥੀਮ 'ਓਨਲੀ ਵਨ ਅਰਥ' ਯਾਨੀ 'ਓਨਲੀ ਵਨ ਅਰਥ' ਹੈ। ਇਸ ਸਾਲ ਦੇ ਵਿਸ਼ਵ ਵਾਤਾਵਰਣ ਦਿਵਸ ਦੀ ਮੇਜ਼ਬਾਨੀ ਸਵੀਡਨ ਦੁਆਰਾ ਕੀਤੀ ਗਈ ਹੈ। ਮਹੱਤਵਪੂਰਨ ਗੱਲ ਇਹ ਹੈ ਕਿ 1972 ਵਿੱਚ ਸਟਾਕਹੋਮ ਵਿੱਚ ਸੰਯੁਕਤ ਰਾਸ਼ਟਰ ਦੀ ਪਹਿਲੀ ਵਾਤਾਵਰਨ ਕਾਨਫਰੰਸ ਵੀ ਪੰਜਾਹ ਸਾਲ ਪੂਰੇ ਕਰ ਰਹੀ ਹੈ।

ਜੇਕਰ ਦੇਖਿਆ ਜਾਵੇ ਤਾਂ ਪਿਛਲੀ ਅੱਧੀ ਸਦੀ ਵਿੱਚ ਵਧਦੇ ਆਲਮੀ ਤਾਪਮਾਨ ਨੇ ਨਵੇਂ ਸੰਕਟ ਪੈਦਾ ਕੀਤੇ ਹਨ। ਮਾਹਰ ਵਾਰ-ਵਾਰ ਇਸ ਖਤਰੇ ਵੱਲ ਇਸ਼ਾਰਾ ਕਰ ਰਹੇ ਹਨ ਕਿ ਅਗਲੇ ਦੋ ਦਹਾਕਿਆਂ ਵਿਚ ਵਿਸ਼ਵ ਦਾ ਤਾਪਮਾਨ 1.5 ਡਿਗਰੀ ਸੈਲਸੀਅਸ ਤੋਂ ਵੱਧ ਜਾਵੇਗਾ। ਇਸ ਤੋਂ ਬਚਣ ਲਈ ਇਸ ਸਦੀ ਦੇ ਅੰਤ ਤੱਕ ਇਸ ਨੂੰ ਡੇਢ ਡਿਗਰੀ ਸੈਲਸੀਅਸ ਤੱਕ ਸੀਮਤ ਕਰਨ ਲਈ ਸਾਨੂੰ 2030 ਤੱਕ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਅੱਧਾ ਕਰਨਾ ਹੋਵੇਗਾ। ਗ੍ਰੀਨਹਾਊਸ ਗੈਸਾਂ ਦੇ ਨਿਕਾਸ ਦੇ ਮਾਪ ਲਈ ਪੈਰਿਸ ਸਮਝੌਤੇ ਦੇ ਅਧੀਨ ਮੌਜੂਦਾ ਸਮੇਂ ਵਿੱਚ ਰਾਸ਼ਟਰੀ ਪੱਧਰ 'ਤੇ ਨਿਰਧਾਰਿਤ ਯੋਗਦਾਨ ਪਾਉਣ ਵਾਲੇ ਕਾਰਕਾਂ (ਐਨਡੀਸੀ) ਦਾ ਇੱਕ ਵਿਸ਼ਲੇਸ਼ਣ ਸੁਝਾਅ ਦਿੰਦਾ ਹੈ ਕਿ ਜੇਕਰ ਅਸੀਂ ਲਾਪਰਵਾਹੀ ਜਾਰੀ ਰੱਖੀ ਤਾਂ ਸਦੀ ਦੇ ਅੰਤ ਤੱਕ ਗਲੋਬਲ ਤਾਪਮਾਨ 2.7 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ।

ਅਸਲ ਵਿੱਚ, ਕੁਦਰਤੀ ਗੈਸ ਦਾ ਇੱਕ ਮਹੱਤਵਪੂਰਨ ਹਿੱਸਾ ਮੀਥੇਨ, 25 ਪ੍ਰਤੀਸ਼ਤ ਗਲੋਬਲ ਵਾਰਮਿੰਗ ਲਈ ਜ਼ੰਮੇਵਾਰ ਹੈ। ਸਪੱਸ਼ਟ ਹੈ ਕਿ ਇਸ ਨੂੰ ਰੋਕਣ ਲਈ ਉਪਾਅ ਲੱਭਣ ਵਿੱਚ ਹੋਰ ਦੇਰੀ ਮਹਿੰਗੀ ਹੋ ਜਾਵੇਗੀ। ਈਕੋਸਿਸਟਮ ਦੇ ਵਿਨਾਸ਼ ਨੇ ਦੁਨੀਆ ਦੀ ਚਾਲੀ ਫੀਸਦੀ ਆਬਾਦੀ ਨੂੰ ਪ੍ਰਭਾਵਿਤ ਕੀਤਾ ਹੈ। ਤਿੰਨ ਅਰਬ ਤੋਂ ਵੱਧ ਲੋਕ ਇਸ ਤੋਂ ਪ੍ਰਭਾਵਿਤ ਹੋਏ ਹਨ। ਸਾਡੇ ਦੁਆਰਾ ਹਰ ਸਾਲ ਗਵਾਏ ਜਾਣ ਵਾਲੇ ਈਕੋਸਿਸਟਮ ਸੇਵਾਵਾਂ ਦੀ ਸੰਖਿਆ ਗਲੋਬਲ ਆਰਥਿਕਤਾ ਦੇ ਕੁੱਲ ਉਤਪਾਦਨ ਦੇ ਦਸ ਪ੍ਰਤੀਸ਼ਤ ਤੋਂ ਵੱਧ ਹੈ।

ਵਾਤਾਵਰਣ ਬਾਰੇ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਵਿਸ਼ਵ ਦੀ ਇੱਕ ਤਿਹਾਈ ਖੇਤੀ ਵਾਲੀ ਜ਼ਮੀਨ ਤਬਾਹ ਹੋ ਚੁੱਕੀ ਹੈ, ਜਦੋਂ ਕਿ ਸੱਠ-ਸੱਤਰ ਪ੍ਰਤੀਸ਼ਤ ਕੁਦਰਤੀ ਜਲਗਾਹਾਂ ਅਲੋਪ ਹੋ ਗਈਆਂ ਹਨ। ਜਲਵਾਯੂ



ਪਰਿਵਰਤਨ ਨੇ ਵਿਸ਼ਵਵਿਆਪੀ ਹੜ੍ਹਾਂ, ਅਕਾਲਾਂ ਅਤੇ ਅਤਿਅੰਤ ਗਰਮੀ ਦੀਆਂ ਲਹਿਰਾਂ ਨੂੰ ਜਨਮ ਦਿੱਤਾ ਹੈ ਜਿਸ ਨੇ ਨਾ ਸਿਰਫ਼ ਲੱਖਾਂ ਲੋਕਾਂ ਨੂੰ ਮਾਰਿਆ ਜਾਂ ਵਿਸਥਾਪਿਤ ਕੀਤਾ, ਸਗੋਂ ਵਿਸ਼ਵ ਅਰਥਚਾਰੇ ਨੂੰ ਖਰਬਾਂ ਡਾਲਰਾਂ ਦਾ ਨੁਕਸਾਨ ਵੀ ਪਹੁੰਚਾਇਆ।

ਵਧਦਾ ਹਵਾ ਅਤੇ ਪਾਣੀ ਪ੍ਰਦੂਸ਼ਣ ਪੂਰੀ ਦੁਨੀਆ ਵਿੱਚ ਇੱਕ ਗੰਭੀਰ ਚਿੰਤਾ ਬਣ ਗਿਆ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਹਵਾ ਪ੍ਰਦੂਸ਼ਣ ਕਾਰਨ ਹਰ ਸਾਲ 70 ਲੱਖ ਲੋਕ ਮਰਦੇ ਹਨ। ਦੁਨੀਆਂ ਵਿੱਚ ਹਰ ਨੌਂ ਵਿੱਚੋਂ ਇੱਕ ਮੌਤ ਹਵਾ ਪ੍ਰਦੂਸ਼ਣ ਕਾਰਨ ਹੁੰਦੀ ਹੈ। ਹਰ ਦਸ ਵਿੱਚੋਂ ਨੌਂ ਵਿਅਕਤੀ ਬੁਰੀ ਹਵਾ ਵਿੱਚ ਸਾਹ ਲੈਣ ਲਈ ਮਜਬੂਰ ਹਨ। ਦੁਨੀਆ ਦੇ ਸਿਰਫ਼ ਸੱਤਰ ਪ੍ਰਤੀਸ਼ਤ ਦੇਸ਼ਾਂ ਨੇ ਹਵਾ ਪ੍ਰਦੂਸ਼ਣ ਨੂੰ ਕਾਨੂੰਨੀ ਤੌਰ 'ਤੇ ਪਰਿਭਾਸ਼ਿਤ ਕੀਤਾ ਹੈ।

ਨਵੀਨਤਮ ਖੋਜ ਸੁਝਾਅ ਦਿੰਦੀ ਹੈ ਕਿ ਦੁਨੀਆ ਵਿੱਚ ਤਿੰਨ ਅਰਬ ਤੋਂ ਵੱਧ ਲੋਕ ਸਿਹਤ ਦੇ ਖਤਰਿਆਂ ਦਾ ਸਾਹਮਣਾ ਕਰ ਰਹੇ ਹਨ ਕਿਉਂਕਿ ਉਹ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਅਤੇ ਮਹੱਤਵ ਤੋਂ ਜਾਣੂ ਨਹੀਂ ਹਨ। ਮਾਹਿਰਾਂ ਦਾ ਅੰਦਾਜ਼ਾ ਹੈ ਕਿ 2040 ਤੱਕ ਜਲਵਾਸੀ ਵਾਤਾਵਰਣ ਪ੍ਰਣਾਲੀਆਂ ਵਿੱਚ ਸੁੱਟੇ ਜਾਣ ਵਾਲੇ ਪਲਾਸਟਿਕ ਦੇ ਕੂੜੇ ਦੀ ਮਾਤਰਾ 307 ਮਿਲੀਅਨ ਟਨ ਤੱਕ ਪਹੁੰਚ ਜਾਵੇਗੀ। ਸਮੁੰਦਰਾਂ ਵਿੱਚ ਵੱਧ ਰਹੇ ਪਲਾਸਟਿਕ ਪ੍ਰਦੂਸ਼ਣ ਨੇ ਇੱਕਲੇ 2018 ਵਿੱਚ ਵਿਸ਼ਵ ਪੱਧਰ 'ਤੇ ਸੈਰ-ਸਪਾਟਾ ਉਦਯੋਗ, ਮੱਛੀ ਪਾਲਣ ਅਤੇ ਜਲ-ਪਾਲਣ ਨੂੰ ਅੰਦਾਜ਼ਨ $19 ਬਿਲੀਅਨ ਦਾ ਨੁਕਸਾਨ ਪਹੁੰਚਾਇਆ ਹੈ।

ਬਦਕਿਸਮਤੀ ਨਾਲ ਅਜੇ ਵੀ ਸਾਡੀ ਵਿਕਾਸ ਪ੍ਰਕਿਰਿਆ ਇਨ੍ਹਾਂ ਸੰਕਟਾਂ ਨੂੰ ਨਜ਼ਰਅੰਦਾਜ਼ ਕਰਦੀ ਜਾਪਦੀ ਹੈ। ਸਾਰੇ ਗੰਭੀਰ ਹਾਲਾਤ ਇੱਕੋ ਸਿੱਟੇ ਵੱਲ ਇਸ਼ਾਰਾ ਕਰ ਰਹੇ ਹਨ ਅਤੇ ਉਹ ਇਹ ਹੈ ਕਿ ਅਸੀਂ ਵਾਤਾਵਰਨ ਦੀ ਤਬਾਹੀ ਦੀ ਕੀਮਤ 'ਤੇ ਆਪਣੀ ਆਰਥਿਕ ਖੁਸ਼ਹਾਲੀ ਹਾਸਲ ਕੀਤੀ ਹੈ। ਈਕੋਸਿਸਟਮ ਨੂੰ ਤਬਾਹ ਕਰਨ ਨਾਲ ਔਰਤਾਂ, ਸਥਾਨਕ ਆਦਿਵਾਸੀ ਭਾਈਚਾਰਿਆਂ ਅਤੇ ਹਾਸ਼ੀਏ 'ਤੇ ਪਏ ਸਮੂਹਾਂ 'ਤੇ ਵਿਨਾਸ਼ਕਾਰੀ ਪ੍ਰਭਾਵ ਪਏ ਹਨ। ਜੇਕਰ ਅਸੀਂ ਕੁਦਰਤੀ ਵਾਤਾਵਰਣ ਦੇ ਵਿਨਾਸ਼ ਨੂੰ ਰੋਕਦੇ ਹਾਂ ਅਤੇ ਉਸੇ ਸਮੇਂ ਬਦਲੀ ਹੋਈ ਜ਼ਮੀਨ ਦੇ 15 ਪ੍ਰਤੀਸ਼ਤ ਨੂੰ ਬਹਾਲ ਕਰਨ ਦੇ ਯੋਗ ਹੁੰਦੇ ਹਾਂ, ਤਾਂ ਪ੍ਰਜਾਤੀਆਂ ਦੇ ਵਿਨਾਸ਼ ਦਾ ਜੋਖਮ 60 ਪ੍ਰਤੀਸ਼ਤ ਤੱਕ ਘੱਟ ਜਾਵੇਗਾ।

ਜੇਕਰ ਅਸੀਂ ਆਲਮੀ ਤਾਪਮਾਨ ਨੂੰ 2 ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣਾ ਹੈ, ਵਧਦੀ ਆਬਾਦੀ ਨੂੰ ਭੋਜਨ ਸੁਰੱਖਿਆ ਪ੍ਰਦਾਨ ਕਰਨੀ ਹੈ ਅਤੇ ਪੌਦਿਆਂ ਅਤੇ ਜਾਨਵਰਾਂ ਦੀਆਂ ਕਿਸਮਾਂ ਨੂੰ ਵਿਨਾਸ਼ ਹੋਣ ਤੋਂ ਬਚਾਉਣਾ ਹੈ, ਤਾਂ ਦੁਨੀਆ ਦੇ ਸਾਰੇ ਦੇਸ਼ਾਂ ਨੂੰ 100 ਮਿਲੀਅਨ ਹੈਕਟੇਅਰ ਤਬਾਹ ਹੋਈ ਖੇਤੀ ਅਤੇ ਜੰਗਲੀ ਜ਼ਮੀਨ ਨੂੰ ਮੁੜ ਹਾਸਲ ਕਰਨਾ ਹੋਵੇਗਾ। ਤੁਹਾਨੂੰ ਇਸ ਨੂੰ ਬਹਾਲ ਕਰਨ ਦਾ ਆਪਣਾ ਵਾਅਦਾ ਨਿਭਾਉਣਾ ਚਾਹੀਦਾ ਹੈ। ਅਤੇ ਸਮੁੰਦਰੀ ਅਤੇ ਤੱਟਵਰਤੀ ਈਕੋਸਿਸਟਮ ਦੇ ਸਬੰਧ ਵਿੱਚ ਇੱਕ ਸਮਾਨ ਸੰਕਲਪ ਕੀਤਾ ਜਾਣਾ ਚਾਹੀਦਾ ਹੈ.

ਵਾਤਾਵਰਨ ਸੁਰੱਖਿਆ ਦਾ ਸਵਾਲ ਬਹੁਤ ਗੁੰਝਲਦਾਰ ਹੈ। ਸਟਾਕਹੋਮ ਵਿੱਚ 1972 ਦੀ ਕਾਨਫਰੰਸ ਵਿੱਚ, ਇਹ ਵਿਚਾਰ ਪ੍ਰਗਟ ਕੀਤਾ ਗਿਆ ਸੀ ਕਿ ਵਾਤਾਵਰਣ ਦੀ ਨਿਗਰਾਨੀ ਅਤੇ ਸੁਰੱਖਿਆ ਦੇ ਮਾਪਦੰਡ ਜੋ ਵਿਕਸਤ ਦੇਸ਼ਾਂ ਲਈ ਅਰਾਮਦੇਹ ਜਾਪਦੇ ਹਨ, ਪੱਛੜੇ ਦੇਸ਼ਾਂ ਦੀ ਸਮਾਜਿਕ-ਆਰਥਿਕ ਬਣਤਰ ਲਈ ਪੂਰੀ ਤਰ੍ਹਾਂ ਅਣਉਚਿਤ ਹੋ ਸਕਦੇ ਹਨ। ਸੰਯੁਕਤ ਰਾਸ਼ਟਰ ਦੇ ਵਾਤਾਵਰਣ ਅਤੇ ਵਿਕਾਸ ਬਾਰੇ 1992 ਦੀ ਰੀਓ ਕਾਨਫਰੰਸ ਵਿੱਚ ਸਾਂਝੇ ਪਰ ਵਿਭਿੰਨ ਜ਼ੰਮੇਵਾਰੀਆਂ (ਸੀਬੀਡੀਆਰ) ਦਾ ਸਿਧਾਂਤ ਪੇਸ਼ ਕੀਤਾ ਗਿਆ ਸੀ। ਇਸ ਅਨੁਸਾਰ ਵਾਤਾਵਰਣ ਦੇ ਵਿਨਾਸ਼ ਲਈ ਵੱਖ-ਵੱਖ ਦੇਸ਼ ਜ਼ੰਮੇਵਾਰ ਹਨ। ਉਨ੍ਹਾਂ ਨੂੰ ਟਿਕਾਊ ਵਿਕਾਸ ਦੇ ਟੀਚਿਆਂ ਦੇ ਸੰਦਰਭ ਵਿੱਚ ਸੰਸਾਰ ਦੇ ਵਾਤਾਵਰਣ ਅਤੇ ਉਨ੍ਹਾਂ ਦੇ ਨਿਪਟਾਰੇ ਵਿੱਚ ਉੱਨਤ ਤਕਨੀਕੀ ਅਤੇ ਆਰਥਿਕ ਸਰੋਤਾਂ 'ਤੇ ਵਿਕਸਤ ਦੇਸ਼ਾਂ ਦੁਆਰਾ ਪਾਏ ਜਾਂਦੇ ਦਬਾਅ ਦੇ ਸੰਦਰਭ ਵਿੱਚ ਆਪਣੀ ਜ਼ੰਮੇਵਾਰੀ ਨੂੰ ਸਵੀਕਾਰ ਕਰਨਾ ਹੋਵੇਗਾ। ਪਰ ਅੱਜ ਤੱਕ ਅਜਿਹਾ ਨਹੀਂ ਹੋਇਆ।


ਅਸਲ ਵਿੱਚ, ਵਿਕਸਤ ਦੇਸ਼ ਵਾਤਾਵਰਣ ਸੁਰੱਖਿਆ ਦੇ ਵਿਸ਼ਵ ਸਮਝੌਤਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਆਪ ਨੂੰ ਖੁੱਲ੍ਹ ਕੇ ਵਿਕਸਤ ਕਰ ਰਹੇ ਹਨ। ਵਿਕਸਤ ਦੇਸ਼ਾਂ ਦਾ ਰਵੱਈਆ ਇਹ ਰਿਹਾ ਹੈ ਕਿ ਵਿਕਾਸ ਦੀ ਪ੍ਰਕਿਰਿਆ ਦੀ ਦਿਸ਼ਾ ਪਹਿਲਾਂ ਨਾਲੋਂ ਜੋ ਵੀ ਸੁਖਾਲੀ ਸੀ, ਇਸ ਕਾਰਨ ਅਸੀਂ ਪਹਿਲਾਂ ਹੀ ਵਿਕਾਸ ਦੇ ਉਸ ਪੱਧਰ 'ਤੇ ਪਹੁੰਚ ਚੁੱਕੇ ਹਾਂ ਅਤੇ ਹੁਣ ਇੱਥੋਂ ਪਿੱਛੇ ਨਹੀਂ ਮੁੜ ਸਕਦੇ। ਹੁਣ ਇਹ ਵਿਕਾਸਸ਼ੀਲ ਦੇਸ਼ਾਂ ਦੀ ਜ਼ੰਮੇਵਾਰੀ ਹੈ ਕਿ ਉਹ ਧਰਤੀ ਨੂੰ ਬਚਾਉਣ ਅਤੇ ਜਲਵਾਯੂ ਪਰਿਵਰਤਨ ਨੂੰ ਕੰਟਰੋਲ ਕਰਨ ਲਈ ਆਪਣੀ ਵਿਕਾਸ ਪ੍ਰਕਿਰਿਆ 'ਤੇ ਰੋਕ ਲਗਾਉਣ।

ਵਿਕਸਤ ਦੇਸ਼ ਧਰਤੀ ਦੇ ਵਾਤਾਵਰਣ ਨੂੰ ਹੋਏ ਨੁਕਸਾਨ ਦੀ ਭਰਪਾਈ ਲਈ ਓਨਾ ਖਰਚ ਨਹੀਂ ਕਰ ਰਹੇ ਹਨ ਅਤੇ ਆਪਣੀਆਂ ਜ਼ੰਮੇਵਾਰੀਆਂ ਤੋਂ ਵੀ ਭੱਜ ਰਹੇ ਹਨ। ਦੀ ਰਿਪੋਰਟ ਇਸ ਤੱਥ ਨੂੰ ਰੇਖਾਂਕਿਤ ਕਰਦੀ ਹੈ ਕਿ ਸੰਭਾਵਿਤ ਖਰਚੇ ਅਤੇ ਅਸਲ ਖਰਚੇ ਵਿਚਕਾਰ ਪਾੜਾ ਵਧ ਰਿਹਾ ਹੈ। ਵਿਕਾਸਸ਼ੀਲ ਦੇਸ਼ ਵਿਕਸਤ ਦੇਸ਼ਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੀ ਆਰਥਿਕ ਅਤੇ ਤਕਨੀਕੀ ਸਹਾਇਤਾ ਤੋਂ ਬਿਨਾਂ ਆਪਣੀ ਵਿਕਾਸ ਪ੍ਰਕਿਰਿਆ ਨੂੰ ਪ੍ਰਦੂਸ਼ਣ ਮੁਕਤ ਅਤੇ ਵਾਤਾਵਰਣ ਅਨੁਕੂਲ ਨਹੀਂ ਬਣਾ ਸਕਦੇ।

ਅਸੀਂ ਦੇਖਦੇ ਹਾਂ ਕਿ ਵਿਕਸਤ ਦੇਸ਼ ਆਪਣੇ ਪਲਾਸਟਿਕ ਦੇ ਕੂੜੇ ਦਾ ਨਿਪਟਾਰਾ ਕਰਨ ਦੀ ਬਜਾਏ ਇਸਨੂੰ ਰੀਸਾਈਕਲਿੰਗ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਭੇਜਦੇ ਹਨ। ਇਕ ਵਾਰ ਨਜ਼ਰਾਂ ਤੋਂ ਬਾਹਰ ਹੋ ਜਾਣ 'ਤੇ ਇਹ ਪਲਾਸਟਿਕ ਕਚਰਾ ਖਤਮ ਨਹੀਂ ਹੁੰਦਾ, ਸਗੋਂ ਵਿਕਾਸਸ਼ੀਲ ਦੇਸ਼ਾਂ ਵਿਚ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ। ਜੇਕਰ ਅਸੀਂ 'ਓਨਲੀ ਵਨ ਅਰਥ' ਵਰਗੇ ਸੰਕਲਪ 'ਤੇ ਸੱਚਾ ਵਿਸ਼ਵਾਸ ਰੱਖਾਂਗੇ ਤਾਂ ਹੀ ਅਸੀਂ ਸਮਝ ਸਕਾਂਗੇ ਕਿ ਦੁਨੀਆ ਦੇ ਕਿਸੇ ਵੀ ਦੇਸ਼ 'ਚ ਪ੍ਰਦੂਸ਼ਣ ਹੋ ਰਿਹਾ ਹੈ, ਨੁਕਸਾਨ ਸਾਡੀ ਧਰਤੀ ਦੇ ਵਾਤਾਵਰਨ ਨੂੰ ਹੀ ਹੋ ਰਿਹਾ ਹੈ। ਹਾਲਾਂਕਿ, ਦੀ ਰਿਪੋਰਟ ਵਿੱਚ ਵਾਰ-ਵਾਰ ਜ਼ਿਕਰ ਕੀਤਾ ਗਿਆ ਹੈ ਕਿ ਮਨੁੱਖ ਕੁਦਰਤ ਤੋਂ ਵੱਖ ਨਹੀਂ ਹੈ ਅਤੇ ਕੋਈ ਵੀ ਮਾਲਕ ਨਹੀਂ ਹੈ। ਜਦੋਂ ਤੱਕ ਉਹ ਇਸ ਸੱਚਾਈ ਨੂੰ ਸਵੀਕਾਰ ਨਹੀਂ ਕਰਦਾ, ਸਾਡੇ ਵਾਤਾਵਰਣ ਸੁਰੱਖਿਆ ਦੇ ਯਤਨਾਂ ਵਿੱਚ ਅਪੂਰਣਤਾ ਬਣੀ ਰਹੇਗੀ।

# ਲੋਕਤੰਤਰ ਦੀ ਲੋੜ ਹੈ ਤਕੜੀ ਵਿਰੋਧੀ ਧਿਰ, ਆਗੂਆਂ ਦੀ ਨਹੀਂ, ਕੋਈ ਰੰਗ ਤਾਂ ਵਿਖਾਵੇਗਾ ਲੋਕਤੰਤਰ





ਜਤਿੰਦਰ ਪੰਨੂ

ਭਾਰਤ ਦੇਸ਼ ਇਸ ਵਕਤ ਅਗਲੀਆਂ ਪਾਰਲੀਮੈਂਟ ਚੋਣਾਂ ਦੀ ਤਿਆਰੀ ਦੇ ਦੌਰ ਵਿੱਚ ਦਾਖਲ ਹੋ ਚੁੱਕਾ ਹੈ। ਕੇਂਦਰ ਦੀ ਸਰਕਾਰ ਚਲਾ ਰਹੀ ਭਾਰਤੀ ਜਨਤਾ ਪਾਰਟੀ ਹੋਰਨਾਂ ਤੋਂ ਇਸ ਮਾਮਲੇ ਵਿੱਚ ਅੱਗਲਵਾਂਢੀ ਚੱਲਦੀ ਜਾਪਦੀ ਹੈ ਤੇ ਉਸ ਦਾ ਬਦਲ ਹੋਣ ਦਾ ਹਾਲੇ ਤੱਕ ਦਾਅਵਾ ਕਰਦੀ ਕਾਂਗਰਸ ਪਾਰਟੀ ਆਪਣੀ ਲੀਡਰਸ਼ਿਪ ਦੀਆਂ ਅੰਦਰੂਨੀ ਉਲਝਣਾਂ ਕਾਰਨ ਅਗਲੀਆਂ ਚੋਣਾਂ ਦੀ ਤਿਆਰੀ ਦਾ ਵੱਡਾ ਕੰਮ ਭੁੱਲੀ ਬੈਠੀ ਜਾਪਦੀ ਹੈ। ਇਸ ਵੇਲੇ ਪਾਰਲੀਮੈਂਟ ਵਿਚਲੀ ਵਿਰੋਧ ਦੀ ਮੁੱਖ ਧਿਰ ਕਾਂਗਰਸ ਪਾਰਟੀ ਭਵਿੱਖ ਦੀ ਆਪਣੀ ਜ਼ਿਮੇਵਾਰੀ ਤੋਂ ਅਵੇਸਲੀ ਹੋ ਸਕਦੀ ਹੈ, ਪਰ ਲੋਕਤੰਤਰ ਆਪਣੀਆਂ ਲੋੜਾਂ ਨੂੰ ਅੱਖੋਂ ਪਰੋਖਾ ਨਹੀਂ ਕਰ ਸਕਦਾ ਅਤੇ ਹਰ ਸਮੇਂ ਦੇਸ਼ ਦੀ ਸਰਕਾਰ ਦੇ ਮੂਹਰੇ ਡਟਣ ਵਾਲੀ ਵਿਰੋਧੀ ਧਿਰ ਦਾ ਹੋਣਾ ਵੀ ਤੇ ਮਜ਼ਬੂਤ ਹੋਣਾ ਵੀ ਲੋਕਤੰਤਰ ਦੀ ਇੱਕ ਵੱਡੀ ਲੋੜ ਹੁੰਦੀ ਹੈ। ਜਦੋਂ ਤੇ ਜਿਸ ਦੇਸ਼ ਦੀ ਵਿਰੋਧੀ ਧਿਰ ਕਮਜ਼ੋਰ ਹੋ ਜਾਵੇ ਜਾਂ ਹੌਸਲਾ ਛੱਡ ਕੇ ਨਿਗੂਣੀਆਂ ਗੱਲਾਂ ਵਿੱਚ ਰੁੱਝ ਜਾਵੇ, ਓਥੇ ਸਰਕਾਰ ਚਲਾਉਣ ਵਾਲੀ ਧਿਰ ਨਿਰੰਕੁਸ਼ ਹੋ ਕੇ ਆਪਣੀ ਮਨ-ਮਰਜ਼ੀ ਕਰਨ ਵਿੱਚ ਹੱਦਾਂ ਟੱਪਣ ਲੱਗ ਜਾਂਦੀ ਹੈ। ਹਾਥੀ ਦੀ ਗਰਦਨ ਉੱਤੇ ਬੈਠ ਕੇ ਉਸ ਨੂੰ ਕੰਟਰੋਲ ਕਰਦੇ ਮਹਾਵਤ ਦੇ ਹੱਥ ਵਿੱਚ ਫੜੇ ਹੋਏ ਲੋਹੇ ਦੇ ਕੁੰਡੇ ਨੂੰ 'ਅੰਕੁਸ਼' ਕਹਿੰਦੇ ਹਨ ਅਤੇ ਜਦੋਂ ਉਹ ਲੋਹੇ ਦਾ ਅੰਕੁਸ਼ ਮਹਾਵਤ ਕੋਲ ਨਾ ਹੋਵੇ ਤਾਂ ਹਾਥੀ 'ਨਿਰੰਕੁਸ਼' ਹੋ ਜਾਂਦਾ ਹੈ ਤੇ ਮਹਾਵਤ ਦੀ ਪ੍ਰਵਾਹ ਨਹੀਂ ਕਰਿਆ ਕਰਦਾ। ਇਸ ਵਕਤ ਭਾਰਤ ਦੇ ਲੋਕਤੰਤਰ ਦੀ ਅਗਵਾਈ ਕਰਨ ਵਾਲੇ ਵੀ ਆਪਣੇ ਸਾਹਮਣੇ ਵਿਰੋਧੀ ਧਿਰ ਦੇ ਖੋਖਲੇਪਣ ਕਾਰਨ ਨਿਰੰਕੁਸ਼ ਜਾਪਦੇ ਹਨ।

ਕਿਸੇ ਵਕਤ ਇੱਕ ਸੰਸਾਰ ਪ੍ਰਸਿੱਧ ਸ਼ਖਸੀਅਤ ਇੰਦਰਾ ਗਾਂਧੀ ਦੀ ਅਗਵਾਈ ਨੂੰ ਚੁਣੌਤੀ ਦੇਣਾ ਅਸੰਭਵ ਮੰਨਿਆਜਾਂਦਾ ਸੀ, ਪਰ ਉਹਦੇ ਰਾਜ ਦੀਆਂ ਗਲਤੀਆਂ ਤੇ ਜ਼ਿਆਦਤੀਆਂ ਉਸ ਦੇ ਖਿਲਾਫ ਆਮ ਲੋਕਾਂ ਦੀ ਕੋ ਈ ਨਾ ਕੋਈ ਲਹਿਰ ਖੜੀ ਹੋਣ ਦਾ ਕਾਰਨ ਬਣਦੀਆਂ ਰਹੀਆਂ ਸਨ। ਇਸ ਦਾ ਕਾਰਨ ਇਹ ਸੀ ਕਿ ਉਸ ਵੇਲੇ ਭਾਰਤ ਵਿੱਚ ਖੱਬੇ ਤੇ ਸੱਜੇ ਪਾਸੇ ਵਾਲੀਆਂ ਕਈ ਧਿਰਾਂ ਦਾ ਆਮ ਲੋਕਾਂ ਵਿੱਚ ਏਨਾ ਵੱਡਾ ਆਧਾਰ ਹੁੰਦਾ ਸੀ ਕਿ ਕਦੇ ਖੱਬੀਆਂ ਧਿਰਾਂ ਮੋਰਚਾ ਵਿੱਢ ਲੈਂਦੀਆਂ ਸਨ ਤੇ ਕਦੀ ਸੱਜੇ ਪੱਖੀ ਧਿਰਾਂ ਅੰਦੋਲਨ ਛੇੜ ਲੈਂਦੀਆਂ ਸਨ। ਇੰਦਰਾ ਗਾਂਧੀ ਦੇ ਰਾਜ ਦਾ ਕੋਈ ਸਾਲ ਵੀ ਮੋਰਚਿਆਂ ਅਤੇ ਅੰਦੋਲਨਾਂ ਤੋਂ ਵਾਂਝਾ ਨਹੀਂ ਸੀ ਰਹਿੰਦਾ ਅਤੇ ਫਿਰ ਇੱਕ ਮੌਕੇ ਉਸ ਦੇ ਵਿਰੋਧ ਵਾਸਤੇ ਕਈ ਪਾਰਟੀਆਂ ਨੇ ਮਹਾ-ਗੱਠਜੋੜ ਬਣਾ ਲਿਆ ਸੀ, ਜਿਸ ਦੀ ਅਗਵਾਈ 'ਪਾਰਟੀ ਰਹਿਤ ਲੋਕਤੰਤਰ' ਵਰਗੀ ਧਾਰਨਾ ਦੇ ਪ੍ਰਚਾਰਕ ਜੈ ਪ੍ਰਕਾਸ਼ ਨਾਰਾਇਣ ਨੂੰ ਦਿੱਤੀ ਗਈ ਸੀ। ਲੋਕਾਂ ਨੂੰ ਅੱਜ ਤੱਕ ਇਹ ਗੱਲ ਯਾਦ ਹੈ ਕਿ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ ਸੀ, ਪਰ ਇਹ ਗੱਲ ਯਾਦ ਰੱਖਣ ਦੀ ਲੋੜ ਨਹੀਂ ਜਾਪਦੀ ਕਿ ਇਹ ਉਸ ਨੇ ਲਾਈ ਨਹੀਂ ਸੀ, ਉਸ ਨੂੰ ਲਾਉਣੀ ਪੈ ਗਈ ਸੀ। ਹਾਲੇ ਸਾਢੇ ਤਿੰਨ ਸਾਲ ਪਹਿਲਾਂ ਬੰਗਲਾ ਦੇਸ਼ ਦੀ ਜੰਗ ਜਿੱਤ ਕੇ ਆਪਣੀ ਲੀਡਰੀ ਦਾ ਸਿੱਕਾ ਜਮਾਉਣ ਵਾਲੀ ਇੰਦਰਾ ਗਾਂਧੀ ਵਿਰੋਧੀ ਧਿਰ ਦੀਆਂ ਪਾਰਟੀਆਂ ਦੇ ਨਿੱਤ ਦੇ ਅੰਦੋਲਨਾਂ ਮੂਹਰੇ ਖੁਦ ਨੂੰ ਬੇਵੱਸ ਮਹਿਸੂਸ ਕਰਨ ਲੱਗ ਪਈ ਸੀ ਅਤੇ ਉਸ ਦੇ ਪੁੱਤਰ ਦੀ ਜੁੰਡੀ ਦੀਆਂ ਗਲਤੀਆਂ ਨੇ ਉਸ ਨੂੰ ਐਮਰਜੈਂਸੀ ਲਾ ਕੇ ਆਪਣਾ ਜਲੂਸ ਕਢਵਾਉਣ ਦੇ ਰਾਹ ਪਾ ਦਿੱਤਾ ਸੀ।

ਇਸ ਵੇਲੇ ਭਾਰਤ ਦੀ ਅਗਵਾਈ ਨਰਿੰਦਰ ਮੋਦੀ ਦੇ ਹੱਥ ਹੈ, ਜਿਸ ਦੇ ਪਿੱਛੇ ਬਾਕਾਇਦਾ ਜਥੇਬੰਦ ਫੋਰਸ ਖੜੀ ਹੈ ਤੇ ਉਸ ਦੀ ਆਪਣੀ ਸ਼ਖਸੀਅਤ ਇਸ ਵੇਲੇਕਈ ਲੋਕਾਂ ਨੂੰ ਇੰਦਰਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਤੋਂ ਵੀ ਵੱਡੀ ਜਾਪਣ ਲੱਗ ਪਈ ਹੈ। ਇੰਦਰਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਧਰਮ-ਨਿਰਪੱਖ ਰਾਜਨੀਤੀ ਕਰਨ ਦੇ ਝੰਡਾ ਬਰਦਾਰ ਸਨ, ਭਾਵੇਂ ਵਕਤ ਮੁਤਾਬਕ ਉਹ ਵੀ, ਖਾਸ ਕਰ ਕੇ ਇੰਦਰਾ ਗਾਂਧੀ, ਧਰਮ ਦਾ ਹੱਥਕੰਡਾ ਵਰਤ ਜਾਂਦੀ ਹੁੰਦੀ ਸੀ, ਪਰ ਨਰਿੰਦਰ ਮੋਦੀ ਏਦਾਂ ਦਾ ਨਹੀਂ, ਉਹ ਧਰਮ-ਨਿਰਪੱਖਤਾ ਨੂੰ ਵਿਖਾਵੇ ਦੀ ਗੱਲ ਕਹਿੰਦਾ ਹੈ ਤੇ ਦੇਸ਼ ਦੀ ਬਹੁ-ਗਿਣਤੀ ਦੇ ਧਰਮ ਦਾ ਝੰਡਾ ਚੁੱਕਣ ਤੋਂ ਕਦੇ ਝਿਜਕਿਆ ਹੀ ਨਹੀਂ। ਚੋਣਾਂ ਦੇ ਦੌਰਾਨ ਉਹ ਏਦਾਂ ਦੇ ਨਾਅਰੇ ਜਦੋਂ ਚੁੱਕਦਾ ਹੈ ਕਿ 'ਜਿਹੜੇ ਪਿੰਡ ਵਿੱਚ ਕਬਰਸਤਾਨ ਹੈ, ਓਥੇ ਸ਼ਮਸ਼ਾਨ ਵੀ ਚਾਹੀਦਾ ਹੈ' ਤਾਂ ਅਰਥ ਇਹ ਨਹੀਂ ਕਿ ਅੱਜ ਤੱਕ ਉਸ ਪਿੰਡ ਵਿਚਲੇ ਲੋਕ ਆਪਣੇ ਮ੍ਰਿਤਕਾਂ ਦਾ ਅੰਤਮ ਸੰਸਕਾਰ ਸ਼ਮਸ਼ਾਨ ਘਾਟ ਤੋਂ ਬਿਨਾਂ ਕਰਦੇ ਸਨ, ਸਗੋਂ ਇਸ ਬਹਾਨੇ ਉਹ 'ਕਬਰਸਤਾਨ' ਵਾਲਿਆਂ ਅਤੇ 'ਸ਼ਮਸ਼ਾਨ' ਵਾਲਿਆਂ ਵਿਚਾਲੇ ਇੱਕ ਕਤਾਰਬੰਦੀ ਕਰ ਦੇਂਦਾ ਹੈ। ਏਦਾਂ ਦੀ ਕਤਾਰਬੰਦੀ ਹੀ ਉਸ ਦੀ ਰਾਜਨੀਤੀ ਤੇ ਚੋਣ ਪੈਂਤੜੇ ਦਾ ਉਹ ਆਧਾਰ ਹੁੰਦੀ ਹੈ, ਜਿਹੜੀ ਇੰਦਰਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਕਦੇ ਨਹੀਂ ਸਨ ਕਰ ਸਕਦੇ, ਇਸ ਲਈ ਇਸ ਵੇਲੇ ਨਰਿੰਦਰ ਮੋਦੀ ਅੱਗੇ ਅੜਨ ਵਾਲਾ ਕੋਈ ਛੋਟੇ ਕੱਦ ਵਾਲਾ ਆਗੂ ਨਹੀਂ, ਆਪਣੇ ਅਕਸ ਅਤੇ ਇਸ ਦੇ ਨਾਲ ਆਪਣੇ ਪੈਂਤੜਿਆਂ ਅਤੇ ਲੋਕ-ਭਾਸ਼ਾ ਵਿੱਚ ਬੋਲ ਸਕਣ ਵਾਲਾ ਆਗੂ ਚਾਹੀਦਾ ਹੈ। ਅੱਜ ਦੀ ਰਾਜਨੀਤਕ ਸਥਿਤੀ ਵਿੱਚ ਵਿਰੋਧੀ ਧਿਰ ਕੋਲ ਇਹੋ ਜਿਹੇ ਪੱਖ ਤੋਂ ਨਰਿੰਦਰ ਮੋਦੀ ਦੇ ਮੁਕਾਬਲੇ ਦਾ ਲੀਡਰ ਅਜੇ ਉੱਭਰਦਾ ਨਜ਼ਰ ਨਹੀਂ ਪੈਂਦਾ ਅਤੇ ਉਸ ਦਾ ਮੁਕਾਬਲਾ ਕਰਨ ਜੋਗੇ ਲੀਡਰ ਦੀ ਘਾਟ ਵੀ ਲੋਕਤੰਤਰੀ ਸਰਕਾਰ ਨੂੰ ਨਿਰੰਕੁਸ਼ ਬਣਾ ਸਕਦੀ ਹੈ।

ਦਸ ਸਾਲ ਪਹਿਲਾਂ ਅਸੀਂ ਭ੍ਰਿਸ਼ਟਾਚਾਰ ਵਿਰੋਧ ਦੇ ਨਾਂਅ ਹੇਠ ਬਜ਼ੁਰਗ ਸਮਾਜ ਸੇਵੀ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਇੱਕ ਲਹਿਰ ਚੱਲਦੀ ਵੇਖੀ ਸੀ, ਜਿਸ ਕਾਰਨ ਇੱਕ ਮੌਕੇ ਪਾਰਲੀਮੈਂਟ ਨੂੰ ਦੇਰ ਰਾਤ ਤੱਕ ਬਹਿ ਕੇ ਉਸ ਦੀਆਂ ਮੰਗਾਂ ਮੰਨ ਲੈਣ ਦਾ ਮਤਾ ਪਾਸ ਕਰਨਾ ਅਤੇ ਉਸ ਦੇ ਮੰਚ ਉੱਤੇ ਇੱਕ ਮੰਤਰੀ ਹੱਥ ਭੇਜਣਾ ਪਿਆ ਸੀ। ਉਹ ਲਹਿਰ ਕੁਝ ਚਿਰ ਬਾਅਦ ਸਮੇਟੀ ਗਈ ਅਤੇ ਉਸ ਵਿੱਚੋਂ ਇੱਕ ਨਵੀਂ ਸਿਆਸੀ ਧਿਰ ਆਮ ਆਦਮੀ ਪਾਰਟੀ ਨਿਕਲੀ, ਜਿਹੜੀ ਪਹਿਲਾਂ ਚਾਰ ਦਿਨਾਂ ਦੀ ਚਮਕ ਹੀ ਜਾਪਦੀ ਸੀ, ਪਰ ਅੱਜ ਹਕੀਕਤ ਮੰਨੀ ਜਾਣ ਲੱਗ ਪਈ ਹੈ। ਇਹ ਕੋਈ ਇਨਕਲਾਬੀ ਪਾਰਟੀ ਨਹੀਂ ਤੇ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਜਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਨ-ਕਲਾਬ ਦੇ ਨਾਅਰੇ ਲਾਉਣ ਨਾਲਇਨਕਲਾਬੀ ਨਹੀਂ ਮੰਨੀ ਜਾ ਸਕਦੀ, ਪਰ ਇਸ ਨੇ ਲੋਕਾਂ ਵਿੱਚ ਇਹ ਆਸ ਜ਼ਰੂਰ ਪੈਦਾ ਕਰ ਵਿਖਾਈ ਹੈ ਕਿ ਜਦੋਂ ਹਰ ਪਾਸੇ ਭਾਜਪਾ ਹੂੰਝਾ ਫੇਰੀ ਜਾ ਰਹੀ ਹੈ, ਉਸ ਅੱਗੇ ਅੜਨ ਵਾਲਾ ਕੋਈ ਹੈ। ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਕੇਜਰੀਵਾਲ ਵੀ ਇੱਕ ਤਰ੍ਹਾਂ ਭਾਜਪਾ ਦੀ ਬੀ-ਟੀਮ ਹੈ, ਅਸੀਂ ਉਨ੍ਹਾਂ ਦੀ ਰਾਏ ਨਾਲ ਸਹਿਮਤ ਨਹੀਂ, ਕਾਰਨ ਇਸ ਦਾ ਇਹ ਹੈ ਕਿ ਗੁਰੂ ਗੋਲਵਾਲਕਰ ਦੇ ਵਕਤ ਤੋਂ ਇੱਕ ਖਾਸ ਧਰਮ ਦੀ ਸਰਦਾਰੀ ਦੀ ਸੋਚ ਨਾਲ ਪਰੇਡਾਂ ਕਰ ਕੇ ਪ੍ਰਵਾਨ ਚੜ੍ਹਿਆ ਇੱਕ ਖਾਸ ਵਰਗ ਇਸ ਨਵੀਂ ਪਾਰਟੀ ਦੇ ਪਿੱਛੇ ਖੜੋਤਾ ਨਹੀਂ ਦਿੱਸਦਾ। ਪਰਦੇ ਪਿੱਛੇ ਕੌਣ ਕੀ ਕਰਦਾ ਹੈ, ਇਸ ਨੂੰ ਸਮਝਣਾ ਸਾਡੇ ਲਈ ਮੁਸ਼ਕਲ ਹੋ ਸਕਦਾ ਹੈ, ਪਰ ਦੇਸ਼ ਦੇ ਆਮ ਲੋਕਾਂ ਦਾ ਮੁਹਾਣ ਹੈ ਕਿ ਜਿੱਦਾਂ ਭਾਰਤ ਦੀ ਮੌਜੂਦਾ ਸਰਕਾਰ ਲੋਕਤੰਤਰ ਨੂੰ ਆਪਣੀ ਜਕੜ ਵਿੱਚ ਰੱਖ ਕੇ ਮਰਜ਼ੀ ਮੁਤਾਬਕ ਚਲਾਉਣ ਦੇ ਯਤਨ ਕਰਦੀ ਹੈ, ਉਸ ਦੇ ਮੂਹਰੇ ਕੋਈ ਸਪੀਡ ਬਰੇਕਰ ਚਾਹੀਦਾ ਹੈ ਤੇ ਉਹ ਸਪੀਡ ਬਰੇਕਰ ਆਮ ਆਦਮੀ ਪਾਰਟੀ ਹੋ ਸਕਦੀ ਹੈ।

ਅਸੀਂ ਇਸ ਸੋਚ ਨਾਲ ਪੂਰੇ ਸਹਿਮਤ ਨਹੀਂ ਹੋ ਸਕੇ, ਪਰ ਪਿਛਲੇ ਦਿਨਾਂ ਦੀਆਂ ਘਟਨਾਵਾਂ ਦੌਰਾਨ ਜਿੱਦਾਂ ਕਾਂਗਰਸ ਦੀ ਲੀਡਰਸ਼ਿਪ ਨੂੰ ਆਪਸ ਵਿੱਚ ਘੁਲਦੇ ਤੇ ਖੁਰਦੇ ਵੇਖਿਆ ਹੈ, ਜਿਵੇਂ ਰਾਜਾਂ ਦੀ ਉਸ ਦੀ ਲੀਡਰਸ਼ਿਪ ਅਣਹੋਈ ਬਣਦੀ ਵੇਖੀ ਹੈ, ਉਸ ਨੇ ਕਈ ਨਵੇਂ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਹਨ। ਹਿਮਾਚਲ ਪ੍ਰਦੇਸ਼ ਵਿੱਚ ਅਰਵਿੰਦ ਕੇਜਰੀਵਾਲ ਨੇ ਤਿੰਨ ਰੈਲੀਆਂ ਕੀਤੀਆਂ, ਤਿੰਨੇ ਥਾਂ ਭੀੜਾਂ ਜੁੜੀਆਂ ਵੇਖ ਕੇ ਇੱਕ ਹਫਤੇ ਅੰਦਰ ਭਾਜਪਾ ਵਾਲਿਆਂ ਨੇ ਜਵਾਬੀ ਰੈਲੀਆਂ ਕਰ ਕੇ ਆਪਣੀ ਹੋਂਦ ਵਿਖਾਈ, ਪਰ ਉਸ ਰਾਜ ਵਿੱਚ ਅੱਜ ਤੱਕ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਕਿਤੇ ਨਹੀਂ ਰੜਕੀ। ਗੁਜਰਾਤ ਦੇ ਕਾਂਗਰਸੀ ਦਿਲ ਛੱਡੀ ਬੈਠੇ ਹਨ ਅਤੇ ਆਪਸੀ ਲੜਾਈ ਕਾਰਨ ਜਿਹੜਾ ਵੀ ਪਾਰਟੀ ਛੱਡੇ, ਸਿਰਫ ਭਾਜਪਾ ਵੱਲ ਜਾਂਦਾ ਹੈ। ਸ਼ਹਿਰਾਂ ਤੇ ਕਸਬਿਆਂ ਦੀਆਂ ਚੋਣਾਂ ਵਿੱਚ ਜਦੋਂ ਕਾਂਗਰਸ ਹਰ ਥਾਂ ਪਛੜਦੀ ਜਾਂਦੀ ਹੈ, ਆਮ ਆਦਮੀ ਪਾਰਟੀ ਵੱਧ ਜਾਂ ਘੱਟ ਜਿੰਨੀਆਂ ਵੀ ਸੀਟਾਂ ਲਵੇ, ਕਾਂਗਰਸ ਦੀ ਥਾਂ ਮੱਲਦੀ ਜਾਪਦੀ ਹੈ। ਪਿਛਲੇ ਐਤਵਾਰ ਹਰਿਆਣੇ ਦੇ ਤਿੰਨ ਸ਼ਹਿਰਾਂ ਵਿੱਚ ਇੱਕੋ ਸਮੇਂ ਤਿੰਨਾਂ ਧਿਰਾਂ ਨੇ ਰੈਲੀਆਂ ਕੀਤੀਆਂ ਤਾਂ ਭਾਜਪਾ ਦੀ ਰੈਲੀ ਆਸ ਮੁਤਾਬਕ ਬਹੁਤ ਤਕੜੀ ਸੀ ਤੇ ਆਮ ਆਦਮੀ ਪਾਰਟੀ ਦਾ ਇਕੱਠ ਵੀ ਬਹੁਤ ਤਕੜਾ ਸੀ, ਪਰ ਕਾਂਗਰਸ ਉਸ ਤਰ੍ਹਾਂ ਦੀ ਭੀੜ ਨਹੀਂ ਜੋੜ ਸਕੀ, ਜਿੱਦਾਂ ਦੀ ਉਸ ਤੋਂ ਆਸ ਕੀਤੀ ਜਾ ਰਹੀ ਸੀ। ਮਰਨੇ ਪਈ ਹੋਈ ਕਾਂਗਰਸ ਪਾਰਟੀ ਨੂੰ ਸੰਭਾਲਣ ਦੀ ਥਾਂ ਇਸ ਦੇ ਉਹ ਆਗੂ ਪਿਛਲੇ ਦਿਨੀਂ ਰਾਜ ਸਭਾ ਸੀਟਾਂ ਲਈ ਵੀ ਇੱਕ ਦੂਸਰੇ ਦੇ ਖੰਭ ਨੋਚਣ ਤੇ ਪਾਰਟੀ ਛੱਡਣ ਲੱਗ ਪਏ, ਜਿਹੜੇ ਪਾਰਟੀ ਦੇ ਭਵਿੱਖ ਵਾਸਤੇ ਹਾਈ ਕਮਾਂਡ ਨਾਲ ਆਢਾ ਲਾਉਣ ਦੇ ਦਾਅਵੇ ਕਰਦੇ ਸਨ। ਸਾਫ ਹੈ ਕਿ ਆਪਸੀ ਆਢਾ ਪਾਰਟੀ ਦੇ ਭਵਿੱਖ ਲਈ ਨਹੀਂ, ਆਪਣੇ ਭਵਿੱਖ ਦੀਆਂ ਲੋੜਾਂ ਵਾਸਤੇ ਲਾਇਆ ਜਾ ਰਿਹਾ ਸੀ। ਫਿਰ ਪਾਰਟੀ ਨੂੰ ਬਚਾਉਣ ਵਾਲਾ ਆਗੂ ਕਿਹੜਾ ਹੈ?

ਬਹੁਤ ਸਾਰੇ ਲੋਕਾਂ ਨੂੰ ਜਾਪਦਾ ਹੈ ਕਿ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਹਾਲੇ ਦੋ ਸਾਲ ਦੇ ਕਰੀਬ ਪਏ ਹਨ, ਪਰ ਉਹ ਇਹ ਭੁੱਲ ਜਾਂਦੇ ਹਨ ਕਿ ਅੱਗ ਲੱਗੀ ਤੋਂ ਖੂਹ ਪੁੱਟਣ ਵਾਂਗ ਕਿਸੇ ਵੀ ਚੋਣ ਦੰਗਲ ਦੀ ਤਿਆਰੀ ਸਿਰ ਪਏ ਤੋਂ ਨਹੀਂ ਹੋਇਆ ਕਰਦੀ, ਪਹਿਲਾਂ ਕਰਨੀ ਪੈਂਦੀ ਹੈ ਤੇ ਇਸ ਪੱਖੋਂ ਵਿਰੋਧ ਦੀ ਮੁੱਖ ਧਿਰ ਅਵੇਸਲੀ ਹੈ। ਭਾਰਤ ਅਗਲੇ ਚੋਣ ਘੋਲ ਲਈ ਜਦੋਂ ਤਿਆਰ ਹੁੰਦਾ ਪਿਆ ਹੈ, ਉਸ ਦੀ ਤਿਆਰੀ ਲਈ ਸਿਰਫ ਦੋ ਧਿਰਾਂ ਸਰਗਰਮ ਜਾਪਦੀਆਂ ਹਨ ਅਤੇ ਉਹ ਹਨ ਕੇਂਦਰ ਵਿੱਚ ਰਾਜ ਕਰਦੀ ਭਾਜਪਾ ਤੇ ਉਸ ਦਾ ਬਦਲ ਬਣਨ ਦੀ ਇੱਛਾ ਰੱਖਦੀ ਆਮ ਆਦਮੀ ਪਾਰਟੀ। ਅਜੋਕੇ ਹਾਲਾਤ ਵਿੱਚ ਇਹ ਕਹਿਣਾ ਔਖਾ ਹੈ ਕਿ ਆਮ ਆਦਮੀ ਪਾਰਟੀ ਦੀ ਇੱਛਾ ਸਿਰੇ ਚੜ੍ਹੇਗੀ ਜਾਂ ਨਹੀਂ,ਪਰ ਭਾਜਪਾ ਵਿਰੁੱਧ ਪੈਂਤੜੇ ਮੱਲਣ ਵਿੱਚ ਕਸਰ ਉਹ ਨਹੀਂ ਛੱਡ ਰਹੀ। ਮਜ਼ਬੂਤ ਵਿਰੋਧੀ ਧਿਰ ਕਿਉਂਕਿ ਕਿਸੇ ਪਾਰਟੀ ਦੀ ਨਹੀਂ, ਲੋਕਤੰਤਰ ਦੀ ਲੋੜ ਹੁੰਦੀ ਹੈ, ਭਾਰਤ ਦਾ ਲੋਕਤੰਤਰ ਵੀ ਕੁਝ ਨਾ ਕੁਝ ਰੰਗ ਵਿਖਾਵੇਗਾ ਜ਼ਰੂਰ, ਪਰ ਕਿਹੜੇ, ਪਤਾ ਨਹੀਂ।

# ਭਾਰਤ ਦਾ ਭਵਿੱਖ ਹਥਿਆਰ ਨਹੀਂ, ਅਨਾਜ ਹੈ



ਡਾਕਟਰ ਦੇਵਿੰਦਰ ਸ਼ਰਮਾ

ਇੱਕ ਪਾਸੇ ਇੱਕ ਖਬਰ ਹੈ ਕਿ ਅਮਰੀਕਾ ਦੇ ਟੈਕਸਾਸ ਵਿੱਚ ਹਥਿਆਰਾਂ ਦੀ ਖੁੱਲ੍ਹੀ ਖੇਡ ਵਿੱਚ 18 ਤੋਂ ਵੱਧ ਬੱਚੇ ਮਾਰੇ ਗਏ ਅਤੇ ਦੂਜੇ ਪਾਸੇ ਆਈ ਐੱਮ ਐੱਫ ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਟਾਲੀਨਾ ਜਾਰਜਜੀਵਾ ਨੇ ਦੁਨੀਆ ਦੀ ਫੂਡ ਸਪਲਾਈ ਵਿੱਚ ਸਹਿਯੋਗ ਲਈ ਭਾਰਤ ਤੋਂ ਕਣਕ ਐਕਸਪੋਰਟ ਤੋਂ ਪਾਬੰਦੀ ਹਟਾਉਣ ਦੀ ਬੇਨਤੀ ਕੀਤੀ ਹੈ। ਇੱਕ ਤਰ੍ਹਾਂ ਕਹਿਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਇਸ ਮਾਮਲੇ ਵਿਚ ਬਾਕਾਇਦਾ ਹੱਥ ਜੋੜੇ ਹਨ। ਇਸ ਤੋਂ ਪਹਿਲਾਂ ਜੀ-7 ਦੇਸ਼ਾਂ ਨੇ ਵੀ ਇਸ ਮੁੱਦੇ ਉੱਤੇ ਨਾਰਾਜ਼ਗੀ ਜ਼ਾਹਿਰ ਕੀਤੀ ਸੀ।ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ ਨੂੰ ਕਣਕ ਐਕਸਪੋਰਟ ਜਾਰੀ ਰੱਖਣੀ ਚਾਹੀਦੀ ਹੈ, ਪਰ ਕੀ ਮੌਜੂਦਾ ਹਾਲਾਤ ਅਜਿਹੇ ਹਨ ਕਿ ਦੁਨੀਆ ਦੇ ਵੱਡਿਆਂ-ਵੱਡਿਆਂ ਦੇ ਇਸ ਦਬਾਅ ਵਿੱਚ ਆ ਜਾਣਾ ਚਾਹੀਦਾ ਹੈ। ਮੇਰਾ ਜਵਾਬ ਨਾਂਹ ਹੈ। ਭਾਰਤ ਨੂੰ ਆਪਣੀ ਸਿਆਸੀ ਮਜ਼ਬੂਤੀ ਦਿਖਾਉਣੀ ਚਾਹੀਦੀ ਹੈ।

ਅਸੀਂ ਇੱਕ ਸੌ ਚਾਲੀ ਕਰੋੜ ਦੀ ਆਬਾਦੀ ਵਾਲਾ ਦੇਸ਼ ਹਾਂ, ਜਿਸ ਦੇ ਅੱਸੀ ਕਰੋੜ ਲੋਕ ਅਨਾਜ ਦੀ ਘਾਟ ਦੇ ਘੇਰੇ ਵਿੱਚ ਹਨ।ਇਹ ਵੀ ਸਹੀ ਹੈ ਕਿ ਇਨ੍ਹਾਂ ਵਿੱਚੋਂ ਸਾਰੇ ਲੋਕ ਗਰੀਬ ਨਹੀਂ ਹਨ, ਪਰ ਇਨ੍ਹਾਂ ਸਭਨਾਂ ਨੂੰ ਅਨਾਜ ਦੇਣ ਦੀ ਹਰ ਸਾਲ ਹਮੇਸ਼ਾ ਲੋੜ ਪੈਂਦੀ ਰਹੀ ਹੈ ਅਤੇ ਅੱਗੇ ਵੀ ਪੈਣੀ ਹੈ। ਬਹੁਤ ਸਪੱਸ਼ਟ ਹੈ ਕਿ ਕਣਕ ਬਾਰੇ ਸ਼ੁਰੂ ਵਿੱਚ ਜ਼ਰੂਰ ਸਥਿਤੀ ਹੋਰ ਸੀ ਅਤੇ ਉਸੇ ਅਨੁਸਾਰ ਸਰਕਾਰ ਇੰਪੋਰਟ ਲਈ ਉਤਸ਼ਾਹਤ ਸੀ, ਪਰ ਤੇਜ਼ ਗਰਮੀ ਨਾਲ ਉਤਪਾਦਨ ਅਤੇ ਟੀਚੇ ਵਿੱਚ ਕਮੀ ਦੇ ਕਾਰਨ ਸਰਕਾਰ ਨੇ ਇੰਪੋਰਟ ਤੋਂ ਹੱਥ ਖਿੱਚ ਕੇ ਸ਼ਲਾਘਾਯੋਗ ਕੰਮ ਕੀਤਾ ਹੈ।ਪਹਿਲਾਂ ਸਰਕਾਰ ਨੂੰ ਜਾਪਦਾ ਸੀ ਕਿ ਉਹ ਇਸ ਸਾਲ ਵਿੱਚ 10 ਕਰੋੜ ਟਨ ਦੇ ਨੇੜੇ ਕਣਕ ਐਕਸਪੋਰਟ ਕਰ ਸਕੇਗੀ, ਟ੍ਰੈਂਡ ਦਾ ਮੁਲਾਂਕਣ ਦੇਖੀਏ ਤਾਂ 2.1 ਕਰੋੜ ਟਨ ਤੱਕ ਐਕਸਪੋਰਟ ਕਰਨ ਦੀ ਵੀ ਸਾਡੀ ਸਮਰੱਥਾ ਸੀ, ਪਰ ਹਾਲਾਤ ਬਦਲੇ ਤਾਂ ਸਰਕਾਰ ਨੇ ਮਹੱਤਵਪੂਰਨ ਕਦਮ ਚੁੱਕਦੇ ਹੋਏ ਐਕਸਪੋਰਟ ਤੋਂ ਕਦਮ ਪਿੱਛੇ ਕਰ ਲਏ। ਦਰਅਸਲ ਮੌਸਮ ਵਿੱਚ ਤਬਦੀਲੀ ਦੇ ਇਲਾਵਾ ਰੂਸ ਅਤੇ ਯੂਕਰੇਨ ਜੰਗ ਕਾਰਨ ਦੁਨੀਆ ਵਿੱਚ ਅਨਾਜ ਬਾਰੇ ਹਫੜਾ-ਦਫੜੀ ਮਚੀ ਹੋਈ ਹੈ।

ਮੇਰੀ ਸਾਫ ਰਾਏ ਹੈ ਕਿ ਭਾਰਤ ਦੀ ਇਹ ਬੜੀ ਵੱਡੀ ਕਿਸਮਤ ਹੈ ਕਿ ਬੀਤੇ ਕਈ ਸਾਲਾਂ, 2003-04 ਤੋਂ ਅਸੀਂ ਦੇਖੀਏ ਤਾਂ ਜੋ ਸਰਕਾਰਾਂ ਸਨ, ਉਨ੍ਹਾਂ ਨੇ ਸਾਡੇ ਅਰਥਸ਼ਾਸਤਰੀਆਂ ਦੀ ਗੱਲ ਨਹੀਂ ਸੁਣੀ। ਚੰਗੀ ਕਿਸਮਤ ਇਸ ਲਈ ਕਿ ਅਰਥਸ਼ਾਸਤਰੀ ਚਾਹੁੰਦੇ ਸਨ ਕਿ ਸਰਕਾਰ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਸਟੋਰੇਜ ਨੂੰ ਖਤਮ ਕਰੇ ਤੇ ਖੇਤੀ ਨੂੰ ਮਾਰਕੀਟ ਦੇ ਹਵਾਲੇ ਕਰ ਦਿੱਤਾ ਜਾਵੇ।ਤਿੰਨੇ ਖੇਤੀਬਾੜੀ ਕਾਨੂੰਨ ਵੀ ਉਸੇ ਸੋਚ ਦਾ ਨਤੀਜਾ ਸਨ। ਕਾਨੂੰਨ ਨੂੰ ਤਾਂ ਲੰਬੇ ਅੰਦੋਲਨ ਪਿੱਛੋਂ ਪ੍ਰਧਾਨ ਮੰਤਰੀ ਨੇ ਵਾਪਸ ਲੈ ਲਿਆ, ਜੋ ਆਪਣੇ ਆਪ ਵਿੱਚ ਮਹੱਤਵਪੂਰਨ ਹੈ। ਇਹ ਸੋਚਣ ਦੀ ਗੱਲ ਹੈ ਕਿ ਜੇ ਭਾਰਤ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦਾ ਸਿਸਟਮ ਖਤਮ ਕਰ ਚੁੱਕਾ ਹੁੰਦਾ ਤਾਂ ਕੀ ਅੱਜ ਅਸੀਂ ਵੀ ਦੁਨੀਆ ਵਿੱਚ ਆਪਣਾ ਠੂਠਾ ਲੈ ਕੇ ਨਾ ਖੜੇ ਹੁੰਦੇ। ਇਹ ਜਾਣਨਾ ਜ਼ਰੂਰੀ ਹੈ ਕਿ ਸਾਨੂੰ 21 ਸਾਲਾਂ ਤੋਂ ਦੱਸਿਆ ਗਿਆ ਸੀ ਕਿ ਸਾਨੂੰ ਮੁਕਾਬਲੇਬਾਜ਼ੀ ਕੌਮਾਂਤਰੀ ਬਾਜ਼ਾਰ ਉੱਤੇ ਭਰੋਸਾ ਕਰਨਾ ਚਾਹੀਦਾ ਹੈ। ਖੇਤੀਬਾੜੀ ਨਿਵੇਸ਼ ਦੀ ਗੱਲ ਬੇਕਾਰ ਕਹੀ ਜਾਂਦੀ ਸੀ, ਪਰ ਉਦੋਂ ਦੀਆਂ ਸਰਕਾਰਾਂ ਨੇ ਅਰਥਸ਼ਾਸਤਰੀਆਂ ਦੀਆਂ ਗੱਲਾਂ ਨੂੰ ਅਣਸੁਣਿਆ ਕਰ ਕੇ ਚੰਗਾ ਕੀਤਾ ਸੀ।

ਲਾਕਡਾਊਨ ਦੇ ਦੌਰ ਵਿੱਚ ਸਾਰੀ ਇਕਾਨਮੀ ਢਹਿ-ਢੇਰੀ ਹੋ ਗਈ,ਸਾਡੀ ਜੀ ਡੀ ਪੀ 27 ਫੀਸਦੀ ਨਾਲ ਨੈਗੇਟਿਵ ਵਿੱਚ ਗਈ ਸੀ। ਸਿਰਫ ਖੇਤੀਬਾੜੀ ਨੇ ਇੱਜ਼ਤ ਰੱਖੀ। 2 ਸਾਲਾਂ ਵਿੱਚ ਮਹਾਮਾਰੀ ਦੇ ਬਾਵਜੂਦ ਮੇਰੀ ਸੋਚ ਹੈ ਕਿ ਕਿਸਾਨਾਂ ਨੇ ਵਾਧੂ ਪੈਦਾਵਾਰ ਨਾ ਕੀਤੀ ਹੁੰਦੀ ਤਾਂ ਅਸੀਂ ਦੋ ਮਹਾਮਾਰੀਆਂ ਝੱਲ ਸਕਣ ਜੋਗੇ ਨਾ ਹੁੰਦੇ।ਕੋਵਿਡ ਦੀ ਮਹਾਮਾਰੀ ਤਾਂ ਹੋ ਹੀ ਗਈ ਸੀ, ਦੂਜੀ ਹੰਗਰ ਭਾਵ ਭੁੱਖਮਰੀ ਦੀ ਮਹਾਮਾਰੀ ਵੀ ਯਕੀਨੀ ਸੀ। ਮੇਰਾ ਮੰਨਣਾ ਹੈ ਕਿ ਸਰਕਾਰ ਨੇ ਪੰਜ ਕਿਲੋ ਕਣਕ ਜੋ ਪਰਵਾਰਾਂ ਨੂੰ ਦਿਤੀ ਹੈ, ਉਹ ਸ਼ਲਾਘਾਯੋਗ ਕਦਮ ਰਿਹਾ ਕਿਉਂਕਿ ਉਸ ਨੇ ਦੇਸ਼ ਨੂੰ ਭੁੱਖ ਤੋਂ ਮੁਕਤ ਰੱਖਿਆ ਹੈ, ਜਦ ਕਿ ਉਸ ਦੌਰ ਵਿੱਚ ਲੋਕਾਂ ਦੇ ਰੋਜ਼ਗਾਰ ਹਟੇ ਅਤੇ ਨੌਕਰੀਆਂ ਗਈਆਂ ਸਨ।

ਯੂਕਰੇਨ-ਰੂਸ ਜੰਗ ਤੋਂ ਸਪੱਸ਼ਟ ਹੋ ਗਿਆ ਹੈ ਕਿ ਜੋ ਤੀਹ ਦੇਸ਼ ਅੱਜ ਠੂਠਾ ਲੈ ਕੇ ਖੜ੍ਹੇ ਹਨ, ਉਨ੍ਹਾਂ ਨੂੰ ਵੀ ਸਮਝ ਪੈਣੀ ਚਾਹੀਦੀ ਹੈ ਕਿ ਇਨ੍ਹਾਂ ਨੇ ਆਪਣੇ ਦੇਸ਼ ਵਿੱਚ ਲੋੜੀਂਦੇ ਅਨਾਜ ਉੱਤੇ ਜ਼ੋਰ ਦਿੱਤਾ ਹੁੰਦਾ ਤਾਂ ਇਹ ਨੌਬਤ ਨਹੀਂ ਸੀ ਆਉਣੀ। ਮੰਨ ਲਓ ਕਿ ਇਹ ਜੰਗ ਲੰਬੀ ਚੱਲਦੀ ਅਤੇ ਜਿਸ ਤਰ੍ਹਾਂ ਹੀਟ ਵੇਵ ਹੋਈ ਹੈ, ਅਜਿਹੇ ਵਿੱਚ ਕੀ ਗਾਰੰਟੀ ਹੈ ਕਿ ਕਣਕ ਦੇ ਅਗਲੇ ਸੀਜ਼ਨ ਵਿੱਚ ਮੌਸਮ ਠੀਕ ਹੋਵੇਗਾ, ਮਹਾਮਾਰੀ ਨਹੀਂ ਆਵੇਗੀ। ਇਸ ਲਈ ਜ਼ਰੂਰੀ ਹੈ ਕਿ ਸਾਨੂੰ ਆਪਣੇ ਕੋਲ ਸਹੀ ਭੰਡਾਰ ਰੱਖਣਾ ਹੋਵੇਗਾ ਅਤੇ ਬਾਕੀ ਭੁੱਖੇ ਦੇਸ਼ਾਂ ਨੂੰ ਹਮੇਸ਼ਾ ਭੰਡਾਰ ਲਈ ਤਿਆਰ ਰਹਿਣਾ ਚਾਹੀਦਾ ਹੈ।

ਚੀਨ ਕੋਲ ਲਗਭਗ 650 ਮਿਲੀਅਨ ਟਨ ਦਾ ਫੂਡ ਸਟਾਕ ਹੈ, ਪਰ ਉਨ੍ਹਾਂ ਦੇ ਦੇਸ਼ ਦੇ ਅਰਥਸ਼ਾਸਤਰੀ ਕਦੇ ਨਹੀਂ ਬੋਲਦੇ ਕਿ ਸਰਪਲੱਸ ਹੈ ਤਾਂ ਸਟਾਕ ਐਕਸਪੋਰਟ ਕਰਨ ਦੇਣਾ ਚਾਹੀਦਾ ਹੈ। ਇਹ ਸਭ ਤੋਂ ਵੱਡੀ ਔਖ ਹੈ ਕਿ ਜੋ ਵਿਦੇਸ਼ੀ ਅਰਥਸ਼ਾਸਤਰੀ ਬੋਲਦੇ ਹਨ, ਉਸ ਨੂੰ ਕੱਟ ਐਂਡ ਪੇਸਟ ਕਰ ਕੇ ਸਾਡੇ ਭਾਰਤ ਵਿੱਚ ਬੋਲ ਦਿੱਤਾ ਜਾਂਦਾ ਹੈ।ਉਂਝ ਵੀ ਖੇਤੀ ਵਿਗਿਆਨੀ ਸਵਾਮੀਨਾਥਨ ਨੇ ਕਿਹਾ ਸੀ ਕਿ ਦੇਸ਼ਾਂ ਦਾ ਭਵਿੱਖ ਹਥਿਆਰਾਂ ਨਾਲ ਨਹੀਂ, ਅਨਾਜ ਨਾਲ ਹੋਵੇਗਾ। ਇਹ ਸਹੀ ਨਜ਼ਰੀਆ ਹੈ। ਹਰੀ ਕ੍ਰਾਂਤੀ ਨੇ ਕਈ ਸਬਕ ਦਿੱਤੇ ਹਨ ਅਤੇ ਸਾਨੂੰ ਲੋੜ ਹੈ ਕਿ ਅਸੀਂ ਗ੍ਰੀਨ ਰੈਵੇਲਿਊਸ਼ਨ ਤੋਂ ਐਵਰਗਰੀਨ ਰੈਵੋਲਿਊਸ਼ਨ ਵੱਲ ਦੇਖੀਏ। ਖਾਦਾਂ ਦੀ ਵਰਤੋਂ ਘੱਟ ਕਰੀਏ, ਟਰਾਂਸਫਰਮੇਸ਼ਨ ਉੱਤੇ ਧਿਆਨ ਦੇਈਏ ਤੇ ਦੇਸ਼ ਦੀ ਲੋੜ ਨੂੰ ਪੂਰਾ ਕਰੀਏ ਅਤੇ ਜੋ ਬਚ ਜਾਵੇ, ਉਹਐਕਸਪੋਰਟ ਕਰੀਏ। ਸਾਨੂੰ ਸੰਤੁਲਨ ਬਣਾਉਣ ਉੱਤੇ ਧਿਆਨ ਦੇਣਾ ਹੋਵੇਗਾ। ਇਹ ਵੀ ਧਿਆਨ ਦੇਣਾ ਹੋਵ-ੇਗਾ ਕਿ ਖੇਤੀ ਤੋਂ ਨਿਕਲਦੀ ਇੱਕ ਤਿਹਾਈ ਗ੍ਰੀਨ ਹਾਊਸ ਗੈਸ ਨੂੰ ਘਟਾਉਣਾ ਹੋਵੇਗਾ।

ਯੂਰਪ ਅਤੇ ਕੁਝ ਕੁ ਹੋਰਨਾਂ ਦੇਸ਼ਾਂ ਨੂੰ ਦੇਖੋ, ਉਨ੍ਹਾਂ ਨੇ ਐਥਨਾਲ ਬਣਾਉਣਾ ਬੰਦ ਕਰ ਦਿੱਤਾ ਹੈ। ਵਾਤਾਵਰਣ ਦੀ ਅਣਦੇਖੀ ਨਾਲ ਹੀ ਇਹ ਖਦਸ਼ਾ ਹੈ ਕਿ 2025 ਤੱਕ ਤਾਪਮਾਨ ਵਿੱਚ ਵਾਧੇ ਦੀ ਦਰ ਡੇਢ ਫੀਸਦੀ ਪਾਰ ਹੋ ਜਾਵੇਗੀ। ਇਸ ਨੂੰ ਰੋਕਣਾ ਹੈ ਤਾਂ ਕਈ ਬਦਲਾਅ ਕਰਨੇ ਹੋਣਗੇ।

# ਖ਼ਾਲਸੇ ਨੂੰ ਨਿਸ਼ਸਤਰ ਹੋਣ ਦਾ ਪਾਠ ਪੜ੍ਹਾਉਣਾ ਹਰ ਕਿਸੇ ਲਈ ਗੈਰ ਵਾਜਬ

ਹਥਿਆਰਾਂ ਅਤੇ ਸਿੱਖੀ ਦੇ ਆਪਸੀ ਨਾਤੇ ਨੂੰ ਲੈ ਕੇ ਪਿਛਲੇ ਕੁਝ ਦਿਨਾਂ 'ਤੋਂ ਬਹੁਤ ਸਾਰੇ ਹਾਂ ਪੱਖੀ ਅਤੇ ਨਾ ਪੱਖੀ ਵਿਚਾਰ ਸਾਹਮਣੇ ਆਏ ਹਨ। ਸਿੱਖੀ ਦੀ ਪਰੰਪਰਾ, ਵਿਰਾਸਤ, ਸਿਧਾਂਤ ਅਤੇ ਸ਼ਸਤਰਾਂ ਪ੍ਰਤੀ ਸੰਕਲਪ ਤੋਂ ਅਣਜਾਣ ਆਪਣੇ ਆਪ ਨੂੰ ਸੂਝਵਾਨ ਅਖਵਾਉਣ ਵਾਲੇ ਕੁਝ ਬੁੱਧੀਜੀਵੀਆਂ ਅਤੇ ਰਾਜਸੀ ਆਗੂਆਂ ਵੱਲੋਂ ਸ਼ਸਤਰਾਂ ਪ੍ਰਤੀ ਸਖ਼ਤ ਆਲੋਚਨਾ ਕੀਤੀ ਗਈ। ਇਨ੍ਹਾਂ ਵਿਚੋਂ ਤਾਂ ਬਾਹਲੇ ਉਹ ਸਨ ਜੋ ਧਨੁਸ਼ਧਾਰੀ, ਤ੍ਰਿਸ਼ੂਲਧਾਰੀ ਤੋਂ ਇਲਾਵਾ ਚਤਰਭੁਜ ਅਤੇ ਅਠਵਭੁਜਾਂ 'ਚ ਸ਼ਸਤਰ ਹੀ ਨਹੀਂ ਸਗੋਂ ਬ੍ਰਹਮ ਅਸਤਰ ਸੁਭਾਇਮਾਨ ਇਸ਼ਟ ਦੀ ਪੂਜਾ ਕਰਨ ਵਾਲੇ ਹਨ। ਚੁੱਪ ਰਿਹਾ ਜਾ ਸਕਦਾ ਸੀ, ਪਰ ਗਲ ਸਿੱਖੀ ਸਿਧਾਂਤ 'ਤੇ ਕਿੰਤੂ ਤਕ ਅੱਪੜ ਜਾਵੇ ਤਾਂ ਖ਼ਾਮੋਸ਼ ਰਹਿਣਾ ਜ਼ਹਿਰ ਵਰਗਾ ਹੈ। ਬੇਲੋੜੇ ਵਿਸਥਾਰ 'ਚ ਨਹੀਂ ਜਾਵਾਂਗਾ । ਹਾਂ, ਸ੍ਰੀ ਅਕਲ ਤਖ਼ਤ ਸਾਹਿਬ ਇਕ ਵਕਾਰੀ ਅਤੇ ਪੂਜਨੀਕ ਅਸਥਾਨ ਹੈ। ਬਹਾਦਰੀ ਦਾ ਪ੍ਰਤੀਕ ਅਤੇ ਪ੍ਰੇਰਣਾ ਸਰੋਤ ਵੀ ਹੈ। ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਸਾਰਿਆਂ ਲਈ ਮੰਨਣ ਅਤੇ ਪ੍ਰਵਾਨ ਯੋਗ ਤਾਂ ਬਿਲਕੁਲ ਵੀ ਨਹੀਂ ਹਨ। ਕਿਸੇ ਨੂੰ ਵੀ ਟਪਲਾ ਖਾਣ ਦੀ ਲੋੜ ਨਹੀਂ, ਇਸ ਤੋਂ ਜਾਰੀ ਹੁਕਮਨਾਮੇ ਸਿੱਖ ਕੌਮ ਲਈ ਹੀ ਪ੍ਰਤੀਬੱਧ ਹਨ। ਪਰੰਪਰਾ ਅਤੇ ਰਵਾਇਤਾਂ ਅਨੁਸਾਰ ਵੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਸ਼ਸਤਰਾਂ ਨੂੰ ਪ੍ਰਕਰਮਾ ਕਰਨ ਦਾ ਅਧਿਕਾਰ ਵੀ ਕੇਵਲ ਅੰਮ੍ਰਿਤਧਾਰੀ ਗੁਰਸਿੱਖਾਂ ਨੂੰ ਹੀ ਹਾਸਲ ਹੋਣ ਦੀ ਮਰਯਾਦਾ ਹੈ। ਇਸ ਅਸਥਾਨ ਦੇ ਉੱਪਰ ਤਨਖ਼ਾਹੀਏ ਦੀ ਅਰਦਾਸ ਵੀ ਨਹੀਂ ਕੀਤੀ ਜਾਂਦੀ। ਇਹ ਕੇਵਲ ਧਾਰਮਿਕ ਅਸਥਾਨ ਨਹੀਂ ਇਹ ਸਿੱਖ ਕੌਮ ਦੀ ਰਾਜਸੀ ਪ੍ਰਭੂਸਤਾ ਦਾ ਪ੍ਰਤੀਕ ਵੀ ਹੈ ਤਾਂ ਹੀ ਇਸ ਨੂੰ ਮੀਰੀ ਪੀਰੀ ਦਾ ਅਸਥਾਨ ਕਿਹਾ ਗਿਆ ਹੈ। ਬੇਸ਼ੱਕ ਸ੍ਰੀ ਦਰਬਾਰ ਸਾਹਿਬ ਦੇ ਦਰਵਾਜ਼ੇ ਚਹੁੰ ਵਰਨਾਂ ਲਈ ਸਾਂਝੇ ਹਨ, ਇਸ ਤੋਂ ਸੁਣਾਏ ਜਾਂਦੇ ਗੁਰਬਾਣੀ ਉਪਦੇਸ਼ ਵੀ ਸਭ ਲਈ ਸਾਂਝਾ ਹੈ। ਇਤਿਹਾਸ ਤੋਂ ਅਣਜਾਣ ਇਕ ਵੱਲੋਂ ਤਾਂ ਭਾਈ ਸਤੀਦਾਸ, ਭਾਈ ਮਤੀਦਾਸ ਅਤੇ ਭਾਈ ਦਿਆਲਾ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਨਾਲ ਜੋੜ ਦਿੱਤਾ ਗਿਆ । ਸ਼ਸਤਰਾਂ ਨੂੰ ਅੱਜ ਦੇ ਸਮੇਂ ਬੇਲੋੜਾ ਸਿੱਧ ਕਰਨ ਲਈ ਉਸ ਦਾ ਕਹਿਣਾ ਹੈ ਕਿ ਸਿੱਖਾਂ 'ਤੇ ਜ਼ੁਲਮ ਕਰਨ ਵਾਲੇ ਮੁਗ਼ਲ ਸ਼ਾਸਕ ਔਰੰਗਜ਼ੇਬ ਦਾ ਯੁੱਗ ਖ਼ਤਮ ਹੋ ਚੁੱਕਿਆ ਹੈ। ਉਸ ਸਮੇਂ ਹਥਿਆਰ ਰੱਖਣਾ ਸਮੇਂ ਦੀ ਲੋੜ ਸੀ। ਹਥਿਆਰ ਰੱਖਣ ਦੇ ਬਾਵਜੂਦ ਦੇਸ਼ ਦੀ ਵੰਡ ਨਾ ਰੁਕਣ ਅਤੇ ਖ਼ੂਨ ਖ਼ਰਾਬੇ ਦੀ ਬਾਤ ਜ਼ਰੂਰ ਪਾਈ ਗਈ, ਪਰ ਇਸ ਭੱਦਰ ਪੁਰਸ਼ ਨੂੰ ਇਹ ਕੌਣ ਦੱਸੇਗਾ ਕਿ ਜੇ ਹਿੰਦੂ ਸਿੱਖਾਂ ਕੋਲ ਉਸ ਵਕਤ ਹਥਿਆਰ ਨਾ ਹੁੰਦੇ ਤਾਂ ਜਾਨੀ ਮਾਲੀ ਨੁਕਸਾਨ ਦੇ ਨਤੀਜੇ ਹੋਰ ਭਿਆਨਕ ਹੁੰਦੇ। ਦੂਰ ਨਾ ਜਾਓ, ਨਵੰਬਰ '84 ਦੇ ਦੌਰਾਨ ਜਿਨ੍ਹਾਂ ਕੋਲ ਹਥਿਆਰ ਗੋਲੀ ਸਿੱਕਾ ਤੇ ਹੋਰ ਬਚਾਅ ਦੇ ਸਾਧਨ ਨਹੀਂ ਸਨ, ਉਨ੍ਹਾਂ ਸਿੱਖ ਦਾ ਕਾਂਗਰਸ ਦੇ ਗੁੰਡਾ ਅਨਸਰਾਂ ਨੇ ਸ਼ਰੇਆਮ ਕਤਲੇਆਮ ਕੀਤਾ। ਧੀਆਂ ਭੈਣ ਬੇਪੱਤ ਹੋਈਆਂ। ਇਹ ਮੈ ਨਹੀਂ ਸਰਕਾਰ ਵੱਲੋਂ ਕਰਵਾਈਆਂ ਗਈਆਂ 13 ਦੀਆਂ 13 ਜਾਂਚ ਇਸ ਦੀਆਂ ਰਿਪੋਰਟਾਂ ਕਹਿ ਰਹੀਆਂ ਹਨ। ਸਿਤਮ ਜਰੀਫੀ ਦੇਖੋ ਕਿ ਉਸ ਲਈ ਹਥਿਆਰ ਰੱਖਣ ਵਾਲਾ ਬੰਦਾ ਕਇਰ ਕਹਿਲਾਵਦਾ ਹੈ। ਬਹੁਤੇ ਇਸ ਗਲ ਨਾਲ ਇਤਫ਼ਾਕ ਨਹੀਂ ਰੱਖਦਾ ਹੋਵੇਗਾ। ਇਹ ਕਿਸੇ ਵੀ ਦੇਸ਼ ਅਤੇ ਸਮਾਜ ਲਈ ਸਾਂਝਾ ਵਿਸ਼ਾ ਹੈ। ਸਿਆਸੀ ਕੂਟਨੀਤੀ ਕਹਿੰਦੀ ਹੈ ਕਿ ਜਿਸ ਕੋਲ ਵੀ ਚੰਗੇ ਆਧੁਨਿਕ ਹਥਿਆਰ ਅਤੇ ਫ਼ੌਜੀ ਸਾਜੋ ਸਮਾਨ ਹਨ ਉਸ ਵਲ ਦੁਸ਼ਮਣ ਤਾਕਤਾਂ ਛੇਤੀ ਕੀਤਿਆਂ ਮੂੰਹ ਨਹੀਂ ਕਰਦੀਆਂ। ਜਿਵੇਂ ਜਿਸ ਦੇਸ਼ ਕੋਲ ਵੀ ਪ੍ਰਮਾਣੂ ਹਥਿਆਰ ਹੋਵੇ ਉਸ ਦਾ ਗੁਆਂਢੀ ਦੇਸ਼ ਉਸ 'ਤੇ ਹਮਲਾ ਕਰਨ ਲਈ ਕਈ ਵਾਰ ਸੋਚੇਗਾ। ਜਿਵੇਂ ਕਿ ਯੂਕਰੇਨ ਅੱਜ ਪ੍ਰਮਾਣੂ ਸੰਪੰਨ ਨਹੀਂ, ਉਸ 'ਤੇ ਰੂਸ ਦਾ ਹਮਲਾਵਰ ਹੋਣਾ ਅਸੀਂ ਸਭ ਦੇਖ ਰਹੇ ਹਾਂ। ਅਹਿੰਸਾ ਦਾ ਪ੍ਰਚਾਰ ਕਰਨ ਦੀ ਨਸੀਹਤ ਦੇਣੀ ਕੋਈ ਮਾੜੀ ਗਲ ਨਹੀਂ। ਬੇਸ਼ੱਕ ਅਸੀਂ ਜਾਣਦੇ



ਪ੍ਰੋ: ਸਰਚਾਂਦ ਸਿੰਘ ਖਿਆਲਾ

ਹਾਂ ਕਿ ਅਹਿੰਸਾ ਦਾ ਜਦ ਜਦ ਵੀ ਭਾਰਤ ਪੁਜਾਰੀ ਬਣਿਆ ਵਿਦੇਸ਼ੀ ਹਮਲਾਵਰਾਂ ਨੇ ਇਸ ਨੂੰ ਨੋਚ ਖਾਧਾ। ਜਿਸ ਨੂੰ ਸਿੱਖਾਂ ਵੱਲੋਂ ਦਰਾ ਖੈਬਰ ਨੂੰ ਪੱਤੀ ਬੰਨ੍ਹ ਲਾ ਕੇ ਰੋਕਦਿਆਂ ਸਥਾਈ ਹੱਲ ਕੀਤਾ ਗਿਆ। ਜਿੱਥੋਂ ਤਕ ਇਸ ਪ੍ਰਤੀ ਗੁਰਬਾਣੀ ਉਪਦੇਸ਼ ਦੀ ਗਲ ਆਉਂਦੀ ਹੈ ਇਹ ਵਿਸਥਾਰ ਵਿਚਾਰ ਚਰਚਾ ਮੰਗਦਾ ਹੈ। ਸਿੱਖ ਗੁਰੂ ਸਾਹਿਬਾਨ ਤੋਂ ਪਹਿਲਾਂ ਭਗਤ ਸਾਹਿਬਾਨ ਵੱਲੋਂ ਸਮਾਜ ਨੂੰ ਸ਼ਸਤਰਧਾਰੀ ਹੋਣ ਪ੍ਰਤੀ ਸਿੱਖੀ ਵਿਚਾਰਧਾਰਾ ਦੀ ਨੀਂਹ ਰੱਖ ਦਿੱਤੀ ਜਾ ਚੁੱਕੀ ਸੀ। ਭਗਤ ਕਬੀਰ ਜੀ ਦਾ ਫ਼ਰਮਾਨ ਇਸੇ ਵਲ ਇਸ਼ਾਰਾ ਹੈ:

*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥*

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ ( ਗੁ: ਗ੍ਰੰ: ਅੰਗ - 1105)*

ਗੁਰੂ ਨਾਨਕ ਦੇਵ ਜੀ ਇਸੇ ਵਿਚਾਰਧਾਰਾ ਨੂੰ ਅਗੇ ਸੰਚਾਲਿਤ ਕਰਦੇ ਹੋਏ ਸਾਨੂੰ ਜੀਵਨ ਜਾਚ ਸਿਖਾਉਂਦੇ ਹਨ ਕਿ:

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ ( ਗੁ: ਗ੍ਰੰ: ਅੰਗ - 1412)*

ਗੁਰਬਾਣੀ ਸਾਨੂੰ ਕਿਸੇ ਨੂੰ ਵੀ ਨਾ ਹੱਕ ਡਰਾਉਣ ਅਤੇ ਕਿਸੇ ਦੀ ਵੀ ਬੇਲੋੜੀ ਈਨ ਮੰਨਣ ਤੋਂ ਅਜਾਦ ਰਹਿਣ ਦਾ ਉਪਦੇਸ਼ ਇੰਝ ਦਿੰਦੇ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ( ਗੁ: ਗ੍ਰੰ: ਅੰਗ - 1427)

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਫਿਰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਾਂਤਮਈ ਸ਼ਹੀਦੀ ਉਪਰੰਤ ਛੋਟੇ ਸਾਹਿਬਜ਼ਾਦਿਆਂ ਵੱਲੋਂ ਸੂਬਾ ਸਰਹਿੰਦ ਦੀ ਈਨ ਨਾ ਮੰਨਦਿਆਂ ਆਪਣੇ ਆਪ ਨੂੰ ਨੀਂਹਾਂ ਵਿਚ ਚਿਣਵਾ ਲੈਣ ਪਿੱਛੇ :

*ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ ॥ ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪਨੀ ਜੀਤ ਕਰੋਂ ॥*

ਦਾ ਸੰਕਲਪ ਬਲਸ਼ਾਲੀ ਰੂਪ ਵਿਚ ਵਿਦਮਾਨ ਰਿਹਾ। ਜ਼ੁਲਮ ਖ਼ਿਲਾਫ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਪਸ਼ਟ ਆਦੇਸ਼ ਹੀ ਸਿੱਖਾਂ ਨੂੰ ਇਹ ਹੈ ਕਿ :

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।" (ਜ਼ਫ਼ਰਨਾਮਾ)

ਦਸਮੇਸ਼ ਪਿਤਾ ਨੇ ਅਕਾਲ ਪੁਰਖ ਦੀ ਰਜ਼ਾ ਨਾਲ ਆਪਣੇ ਖ਼ਾਲਸੇ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਤਾਂ ਵੀ ਇਹ ਵੀ ਸ਼ਸਤਰ ਤੇ ਸ਼ਾਸਤਰ( ਗੁਰਬਾਣੀ) ਦੇ ਸੁਮੇਲ ਤੋਂ ਪੈਦਾ ਕੀਤਾ ਗਿਆ। ਗਲ ਕੀ ਅੱਜ ਵੀ ਸਿੱਖ ਬੱਚੇ ਨੂੰ ਜੰਮਦਿਆਂ ਹੀ ਅੰਮ੍ਰਿਤ ਦੀਆਂ ਬੂੰਦਾਂ ਪਿਲਾ ਕੇ ਗੁੜ੍ਹਤੀ ਦੇਣ ਦੀ ਰਵਾਇਤ ਹੈ। ਸਿੱਖਾਂ ਨੂੰ ਕਿਸੇ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਕਿਸੇ ਕਾਰਜ ਲਈ ਪ੍ਰਯਾਪਤ ਨਾ ਹੋਣ ਦੀ ਸੂਰਤ ਵਿਚ ਸ਼ਸਤਰ ਸੁਭਾਇਮਾਨ ਕਰਕੇ ਮੱਥਾ ਟੇਕਣ ਦੀ ਮੀਰੀ ਪੀਰੀ ਦਾ ਹੀ ਅਨੁਆਈ ਹੈ। ਤਖ਼ਤ ਸਾਹਿਬਾਨ 'ਤੇ ਸ਼ਸਤਰਾਂ ਨੂੰ ਉੱਚੇ ਆਸਣ 'ਤੇ ਸੁਭਾਇਮਾਨ ਕਰਦਿਆਂ ਵਿਸ਼ੇਸ਼ ਸਤਿਕਾਰ ਦੇਣ ਦੀ ਪਰੰਪਰਾ ਗੁਰੂ ਕਾਲ ਤੋਂ ਚਲੀ ਆ ਰਹੀ ਹੈ। ਸਿੱਖਾਂ ਨੂੰ ਨਿਸ਼ਸਤਰ ਹੋਣ ਦਾ ਪਾਠ ਪੜਾਉਣ ਵਾਲਿਆਂ ਨੂੰ ਇਹ ਗਿਆਤ ਹੋਣਾ ਚਾਹੀਦਾ ਹੈ ਕਿ ਖ਼ਾਲਸੇ ਦਾ ਜਨਮ ਖੰਡੇਧਾਰ 'ਤੋਂ ਹੋਇਆ ਹੈ ਤਾਂ ਇਸ ਦਾ ਖੰਡੇ ਦੀਦਾਰ ਦੇਵ ਵੀ 'ਸ੍ਰੀ ਭਗਉਤੀ ਜੀ ' ਹੈ, ਜਿਨ੍ਹਾਂ ਨੂੰ ਅਰਦਾਸ ਕਰਨ ਸਮੇਂ ਸਭ ਤੋਂ ਪਹਿਲਾਂ ਚਿਤਵਿਆ ਜਾਂਦਾ ਹੈ। ਜਿਸ ਦੀ ਸਹਾਇਤਾ ਯਾਚਣ ਅਤੇ ਸਦਾ ਇਸੇ ਦੀ ਰਛਿਆ ਵਿਚ ਰਹਿਣ ਦਾ ਦਸਮ ਪਿਤਾ ਨੇ ਆਦੇਸ਼ ਦਿੱਤਾ। ਇਸੇ ਤਰਾਂ ਹੀ ਤਲਵਾਰ ਨੂੰ ਕਿਰਪਾਨ ਅਤੇ ਸ੍ਰੀ ਸਾਹਿਬ ਕਰ ਕੇ ਸਤਿਕਾਰ ਦਿੰਦਿਆਂ ਖ਼ਾਲਸੇ ਦੀ ਸਿਰਜਣਾ ਰਾਹੀਂ ਇਸ ਨੂੰ ਰਹਿਤ ਦਾ ਚਿੰਨ੍ਹ ਹੀ ਨਹੀਂ ਆਪਣੇ ਨਾਲ ਹਰ ਸਮੇਂ ਧਾਰੀ ਰੱਖਣ ਵਾਲਾ ਆਪਣਾ ਅੰਗ ਬਣਾ ਦਿੱਤਾ ਗਿਆ। ਦਸਮ ਪਿਤਾ ਸ਼ਸਤਰਾਂ ਦੇ ਨਾਂ 'ਤੇ ਕੇਵਲ ਪ੍ਰਭੂ ਨੂੰ ਹੀ ਧਿਆਉਂਦੇ ਸਨ, ਜਿਵੇਂ :-

*ਤੀਰ ਤੁਹੀ, ਸੈਥੀ ਤੁਹੀ, ਤੁਹੀ ਤਬਰ ਤਰਵਾਰ॥ ਨਾਮ ਤਿਹਾਰੋ ਜੋ ਜਪੈ ਭਏ ਸਿੰਧ-ਭਵ ਪਾਰ॥੪॥ (ਸ਼ਸਤ੍ਰ-ਨਾਮ ਮਾਲਾ)*

ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਅਨੁਸਾਰ ਕਲਗ਼ੀਧਰ ਜੀ ਸ਼ਸਤਰ ਦੀ ਅਹਿਮੀਅਤ ਅਤੇ ਮਹਾਨਤਾ ਪ੍ਰਤੀ ਫੁਰਮਾਨ ਹੈ:

*ਸ਼ਸਤਰ ਕੇ ਅਧੀਨ ਹੈ ਰਾਜ। ਜੋ ਨ ਧਰਹਿ ਤਿਸ ਬਿਗ੍ਰਿਹ ਕਾਜ।.... ਜਬ ਹਮਾਰੇ ਦਰਸ਼ਨ ਕੋ ਆਵਹੁ। ਬਨ ਸੁਚੇਤ ਤਨ ਸ਼ਸਤ੍ਰ ਸਜਾਵਹੁ।*

ਗੁਰੂ ਸਾਹਿਬ ਜਾਣਦੇ ਹਨ ਕਿ ਸ਼ਸਤਰ ਸੂਰਬੀਰਾਂ ਨੂੰ ਵੀ ਪਕੜਾਏ ਜਾ ਸਕਦੇ ਹਨ। ਸੂਰਬੀਰ ਕਲ ਨੂੰ ਜ਼ਾਲਮ ਨਾ ਬਣ ਜਾਣ, ਸ਼ਸਤਰਾਂ ਦੀ ਕੁਵਰਤੋਂ ਤੋ ਬਚਣ ਲਈ ਉਨ੍ਹਾਂ ਪਹਿ ਲਾਂ ਆਤਮਿਕ ਅਤੇ ਸਦਾਚਾਰਕ ਬਲ ਦਾ ਸਿੱਖਾਂ 'ਚ ਵਿਕਾਸ ਕਰਾਇਆ। ਇਸੇ ਲਈ ਖ਼ਾਲਸਾ ਅੱਜ ਵੀ ਨਿਆਂਵਾਨ ਹੈ। ਇਹ ਉਹੀ ਖ਼ਾਲਸਾ ਹੈ ਜਿਸ ਨੇ ਮੁਗ਼ਲ ਕਾਲ 'ਚ ਘੋੜੇ 'ਤੇ ਚੜ੍ਹਨ, ਕਿਰਪਾਨ ਧਾਰਨ ਕਰਨ ਅਤੇ ਦਸਤਾਰ ਸਜਾਉਣ ਦੀਆਂ ਲਾਈਆਂ ਗਈਆਂ ਸ਼ਾਹੀ ਬੰਦਸ਼ਾਂ ਦੀਆਂ ਧੱਜੀਆਂ ਉਡਾਉਂਦਿਆਂ ਮਨੁੱਖੀ ਅਧਿਕਾਰਾਂ ਦਾ ਹੋਕਾ ਦਿੱਤਾ। ਹੋਲੀ ਨੂੰ ਹੋਲਾ ਮਹਲਾ 'ਚ ਬਦਲ ਕੇ ਸ਼ਸਤਰ ਵਿੱਦਿਆ ਅਤੇ ਚੜ੍ਹਦੀਕਲਾ ਦੇ ਆਪਸੀ ਸੰਬੰਧਾਂ ਦਾ ਸੁਨੇਹਾ ਦੇਣਾ ਗੁਰੂ ਸਾਹਿਬ ਦਾ ਇਕ ਇਨਕਲਾਬੀ ਕਦਮ ਸੀ, ਜਿਸ ਰਾਹੀਂ ਸਦੀਆਂ ਤੋਂ ਗੁਲਾਮ, ਨਿਰਬਲ ਅਤੇ ਸਾਹਸਹੀਣ ਮਾਨਸਿਕਤਾ ਪਾਲੀ ਬੈਠੇ ਲੋਕਾਂ ਨੂੰ ਜ਼ੁਲਮ ਖ਼ਿਲਾਫ਼ ਉੱਠ ਖੜੇ ਹੋਣ ਦਾ ਸੰਦੇਸ਼ ਦਿੱਤਾ ਗਿਆ । ਇਸ ਤਰਾਂ ਨਾਲ ਸ਼ਸਤਰ ਸਿੱਖੀ ਦੀ ਵਿਰਾਸਤ ਹੈ, ਹਰ ਕਿਸੇ ਨੂੰ ਦੂਜੇ ਦੀ ਵਿਰਾਸਤ ਦਾ ਸਤਿਕਾਰ ਕਰਨਾ ਬਣਦਾ ਹੈ। ਖ਼ਾਲਸੇ ਨੂੰ ਆਪਣੀ ਵਿਰਾਸਤ ਤੋਂ ਕਿਸੇ ਤਰਾਂ ਵੀ ਦੂਰ ਨਹੀਂ ਕੀਤਾ ਜਾ ਸਕਦਾ । ਅਜਿਹੀ ਸਥਿਤੀ ਵਿਚ ਖ਼ਾਲਸੇ ਨੂੰ ਨਿਸ਼ਸਤਰ ਹੋਣ ਦਾ ਪਾਠ ਪੜ੍ਹਾਉਣਾ ਹਰ ਕਿਸੇ ਲਈ ਗੈਰ ਵਾਜਬ ਹੈ।






# ਲੜਕੀਆਂ ਤੋਂ ਐਕਟਿਵਾ ਖੋਹਣ ਤੋਂ ਰੋਕਦੇ ਵਿਅਕਤੀ ਦਾ ਗੋਲੀ ਮਾਰ ਕੇ ਕਤਲ

ਮਜੀਠਾ, 5 ਜੂਨ (ਪੋਸਟ ਬਿਊਰੋ)- ਕਸਬਾ ਮਜੀਠਾ ਤੋਂ ਥੋੜ੍ਹੀ ਦੂਰ ਪਿੰਡ ਢਿੰਗ ਨੰਗਲ ਨੇੜੇ ਕੱਲ੍ਹ ਰਾਤ ਲੜਕੀਆਂ ਤੋਂ ਉਨ੍ਹਾਂ ਦੀ ਐਕਟਿਵਾ ਖੋਹਣ ਤੋਂ ਰੋਕਦੇ ਇੱਕ ਵਿਅਕਤੀ ਦੀ ਹੱਤਿਆ ਕਰਨ ਦੀ ਖਬਰ ਮਿਲੀ ਹੈ।



ਗੁਰਭੇਜ ਸਿੰਘ ਪੁੱਤਰ ਚਰਨ ਸਿੰਘ ਵਾਸੀ ਢਿੰਗ ਨੰਗਲ ਨੇ ਦੱਸਿਆ ਕਿ ਉਹ ਅਤੇ ਉਸ ਦਾ ਛੋਟਾ ਭਰਾ ਹਰਜਿੰਦਰ ਸਿੰਘ ਆਪਣੇ ਕਿਸੇ ਨਿੱਜੀ ਕੰਮ ਪਿੰਡਚੱਲੇ ਸੀ। ਜਦੋਂ ਉਹ ਪਿੰਡ ਦੇ ਬਾਹਰ ਸੂਏ ਦੇ ਪੁਲ ਕੋਲ ਗਏ ਤਾਂ ਉਨ੍ਹਾਂ ਦੇ ਪਿੰਡ ਦੇ ਵਸਨੀਕ ਜਸਮੀਤ ਸਿੰਘ ਉਰਫ ਜੱਸੀ, ਜਿਸ ਦੇ ਹੱਥ ਵਿੱਚ ਪਿਸਤੌਲ ਸੀ ਤੇ ਉਸ ਦਾ ਪਿਤਾ ਹਰਜੰਦਰ ਸਿੰਘ ਪੁੱਤਰ ਚੰਨਣ ਸਿੰਘ, ਜਿਸ ਦੇ ਹੱਥ ਵਿਚ ਦਾਤਰ ਸੀ, ਐਕਟਿਵਾ ਸਵਾਰ ਲੜਕੀਆਂ ਕੰਵਲਜੀਤ ਕੌਰ ਤੇ ਨੰਨੂ ਦੋਵੇਂ ਪੁੱਤਰੀਆਂ ਸਰਬਜੀਤ ਸਿੰਘ ਵਾਸੀ ਭੈਣੀ ਲਿੱਧੜ ਤੋਂ ਡਰਾ ਕੇ ਐਕਟਿਵਾ ਖੋਹਣ ਦੀ ਕੋਸ਼ਿਸ਼ ਕਰ ਰਹੇ ਸਨ। ਉਸ ਦੇ ਭਰਾ ਹਰਜਿੰਦਰ ਸਿੰਘ ਨੇ ਉਨ੍ਹਾਂ ਨੂੰ ਏਦਾਂ ਕਰਨ ਤੋਂ ਰੋਕਿਆ ਤਾਂ ਜਸਮੀਤ ਨੇ ਮੇਰੇ ਭਰਾ ਹਰਜਿੰਦਰ ਸਿੰਘ ਦੀ ਛਾਤੀ ਉੱਤੇ ਸਿੱਧਾ ਫਾਇਰ ਕਰ ਦਿੱਤਾ। ਜਸਮੀਤ ਸਿੰਘ ਅਤੇ ਉਸ ਦਾ ਪਿਤਾ ਹਰਜਿੰਦਰ ਸਿੰਘ ਲੜਕੀਆਂ ਕੋਲੋਂ ਐਕਟਿਵਾ ਖੋਹ ਕੇ ਫਰਾਰ ਹੋ ਗਏ। ਉਸ ਨੇ ਆਪਣੇ ਭਰਾ ਹਰਜਿੰਦਰ ਸਿੰਘ ਨੂੰ ਜ਼ਖਮੀ ਹਾਲਤ ਵਿੱਚ ਗੁਰੂ ਨਾਨਕ ਦੇਵ ਹਸਪਤਾਲ ਪੁਚਾਇਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਪੁਲਸ ਵੱਲੋਂ ਜਸਮੀਤ ਸਿੰਘ ਉਰਫ ਜੱਸੀ ਅਤੇ ਉਸ ਦੇ ਪਿਤਾ ਹਰਜਿੰਦਰ ਸਿੰਘ ਖਿਲਾਫ ਥਾਣਾ ਮਜੀਠਾ ਵਿਖੇ ਕਤਲ ਦਾ ਕੇਸ ਦਰਜ ਕਰ ਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਸੰਦੀਪ ਨੰਗਲ ਅੰਬੀਆਂ ਕਤਲ ਕੇਸ ਵਿੱਚ 2 ਸ਼ੂਟਰਾਂ ਸਮੇਤ ਪੰਜ ਜਣੇ ਗ੍ਰਿਫ਼ਤਾਰ

ਜਲੰਧਰ, 5 ਜੂਨ, (ਪੋਸਟ ਬਿਊਰੋ)- ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਦੇ ਦੋਸ਼ਵਿੱਚ ਪੁਲਸ ਨੇ ਦੋ ਸ਼ੂਟਰਾਂ ਸਮੇਤ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਇਸ ਨਾਲ ਪੁਲਸ ਨੇ ਇਸ ਕਤਲ ਕਾਂਡ ਲਈ ਵਰਤੇ ਗਏ ਸੱਤ ਹਥਿਆਰ ਤੇ ਤਿੰਨ ਕਾਰਾਂ ਬਰਾਮਦ ਕੀਤੀਆਂ ਹਨ। ਅੱਜ ਏਥੇ ਪ੍ਰੈੱਸ ਕਾਨਫਰੰਸ ਵਿੱਚ ਜਲੰਧਰ ਦਿਹਾਤੀ ਪੁਲਸ ਦੇ ਐੱਸ ਐੱਸ ਪੀ ਸਵਪਨ ਸ਼ਰਮਾ ਨੇ ਦੱਸਿਆ ਕਿ 14 ਮਾਰਚ ਸ਼ਾਮ ਨੂੰ ਪਿੰਡ ਮੱਲੀਆਂ ਵਿਖੇ ਕਬੱਡੀ ਟੂਰਨਾਮੈਂਟ ਦੌਰਾਨ ਅਣਪਛਾਤੇ ਹਮਲਾਵਰਾਂ ਵੱਲੋਂਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਕੇਸਵਿੱਚ ਪੁਲਸ ਨੇ ਪੰਜ ਹੋਰ ਬੰਦੇ ਫੜੇ ਹਨ, ਜਿਸ ਨਾਲ ਇਸ ਕੇਸ ਵਿੱਚ ਗ੍ਰਿਫ਼ਤਾਰ ਲੋਕਾਂ ਦੀ ਗਿਣਤੀ 10 ਹੋ ਚੁੱਕੀ ਹੈ।

ਵਰਨਣ ਯੋਗ ਹੈ ਕਿ ਜਲੰਧਰ ਦਿਹਾਤੀ ਪੁਲਸ ਇਸ ਕੇਸ ਦੀ ਜਾਂਚ ਦੌਰਾਨ ਪੰਜਾਬ ਸਮੇਤ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਕਈ ਗੈਂਗਸਟਰਾਂ ਨੂੰ ਪ੍ਰੋਡਕਸ਼ਨ ਵਰੰਟ ਉੱਤੇ ਲਿਆ ਕੇ ਕੀਤੀ ਪੁੱਛਗਿੱਛ ਮਗਰੋਂ ਵਿਦੇਸ਼ ਵਿਚ ਬੈਠੇ ਕੁਝ ਲੋਕਾਂ ਸਣੇ ਕੁੱਲ 22 ਦੋਸ਼ੀ ਨਾਮਜ਼ਦ ਕਰਕੇ ਇਨ੍ਹਾਂ ਵਿੱਚੋਂ ਦਸ ਜਣਿਆਂ ਨੂੰ ਫੜ ਚੁੱਕੀ ਹੈ।ਇਨ੍ਹਾਂ ਵਿਚੋਂ ਬਹੁਤੇ ਪੰਜਾਬ ਤੋਂ ਬਾਹਰਲੇ ਹਨ, ਜਿਨ੍ਹਾਂ ਵਿੱਚ ਹਰਵਿੰਦਰ ਸਿੰਘ ਉਰਫ਼ ਫ਼ੌਜੀ ਵਾਸੀ ਬੁਲੰਦ ਸ਼ਹਿਰ, ਵਿਕਾਸ ਮਾਹਲੇ ਵਾਸੀ ਗੁੜਗਾਓਂ, ਹਰਿਆਣਾ, ਸਚਿਨ ਦੁੱਲੀਆ ਵਾਸੀ ਅਲਵਰ, ਰਾਜਸਥਾਨ, ਮਨਜੋਤ ਕੌਰ ਵਾਸੀ ਸੰਗਰੂਰ ਤੇ ਯਾਦਵਿੰਦਰ ਸਿੰਘ ਵਾਸੀ ਪੀਲੀਭੀਤ (ਯੂ ਪੀ) ਸ਼ਾਮਲ ਹਨ। ਪੁਲਸ ਨੇ ਇਨ੍ਹਾਂ ਕੋਲੋਂ ਪੰਜ ਵਿਦੇਸ਼ੀ ਪਿਸਤੌਲਾਂ ਸਣੇ ਸੱਤ ਪਿਸਤੌਲ, ਇੱਕ ਗੱਡੀ ਮਹਿੰਦਰਾ ਐਕਸ ਯੂ ਵੀ, ਇੱਕ ਟੋਇਟਾ ਈ ਟੀ ਐੱਸ ਅਤੇ ਇੱਕ ਹੁੰਡਈ ਵਰਨਾ ਕਾਰ ਬਰਾਮਦ ਕੀਤੀਆਂ ਹਨ।



ਐੱਸ ਐੱਸ ਪੀ ਸਵਪਨ ਸ਼ਰਮਾ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਮੁੱਖਦੋਸ਼ੀ ਹਰਵਿੰਦਰ ਸਿੰਘ ਉਰਫ਼ ਫ਼ੌਜੀ ਨੇ ਬਾਕੀ ਦੋਸ਼ੀਆਂ ਨੂੰ ਆਉਣ ਜਾਣ ਲਈ ਗੱਡੀਆਂ, ਕਤਲ ਵਾਸਤੇ ਹਥਿਆਰ, ਉਨ੍ਹਾ ਨੂੰ ਸੇਫ ਰਿਹਾਇਸ਼ ਤੇ ਹਥਿਆਰ ਚਲਾਉਣ ਦੀ ਟਰੇਨਿੰਗ ਦੇ ਨਾਲ ਫੰਡਿੰਗ ਕੀਤੀ ਸੀ। ਸੰਦੀਪ ਨੰਗਲ ਅੰਬੀਆ ਬਾਰੇ ਰੇਕੀ ਵੀ ਹਰਵਿੰਦਰ ਸਿੰਘ ਫ਼ੌਜੀ ਨੇ ਕਰਵਾਈ ਅਤੇ ਦੇ ਗੁੜਗਾਓਂ ਤੋਂ ਫੜੇ ਗਏ ਦੋਸ਼ੀ ਵਿਕਾਸ ਮਾਹਲੇ ਨੂੰ ਇਸ ਕਤਲ ਵਿੱਚਮੁੱਖਸ਼ੂਟਰਾਂ ਨੂੰ ਫਾਇਰਿੰਗਦੀ ਸਿਖ਼ਲਾਈ ਦੇਣ ਦਾ ਕੰਮ ਸੌਂਪਿਆ ਸੀ।ਐੱਸ ਐੱਸ ਪੀ ਨੇ ਦੱਸਿਆ ਕਿ ਇਨ੍ਹਾਂ ਦੀ ਪੁੱਛਗਿੱਛ ਦੌਰਾਨ ਵਿਕਾਸ ਮਾਹਲੇ ਨੇ ਪੰਜਾਬ ਵਿੱਚ ਹੋਰ ਵੀ ਕਈ ਕਤਲ ਕੇਸਾਂਵਿੱਚ ਆਪਣਾ ਹੱਥ ਹੋਣਾ ਮੰਨਿਆ ਹੈ, ਜਿਨ੍ਹਾਂ ਦਾ ਪੁਲਸ ਨੂੰ ਪਤਾ ਨਹੀਂ ਸੀ। ਇਸ ਤੋਂ ਇਲਾਵਾ ਇਸ ਕੇਸਵਿੱਚ ਸਚਿਨ ਦੁੱਲੀਆ ਅਤੇ ਮਨਜੋਤ ਕੌਰ ਨੂੰ ਕੌਸ਼ਲ ਡਾਗਰ ਗੈਂਗ ਦੇ ਮੈਂਬਰਾਂ ਨੂੰ ਪਨਾਹ ਦੇਣ ਅਤੇ ਉਨ੍ਹਾਂ ਨੂੰ ਸੁਰੱਖਿਅਤ ਰਸਤਾ ਦਿਵਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਕਾਂਡ ਦਾ ਮੁੱਖਦੋਸ਼ੀ ਹਰਵਿੰਦਰ ਸਿੰਘ ਉਰਫ਼ ਫ਼ੌਜੀ ਇਸੇ ਸਾਲ ਫਰਵਰੀ ਵਿੱਚ ਭਾਰਤੀ ਫ਼ੌਜ ਦੀ 6 ਜਾਟਯੂਨਿਟ ਤੋਂ ਰਿਟਾਇਰ ਹੋਇਆ ਅਤੇ ਉਸ ਤੋਂ ਬਾਅਦ ਹਿਸਟਰੀ-ਸ਼ੀਟਰ ਹੈ ਅਤੇ ਉਸ ਉੱਤੇ ਹਰਿਆਣਾ, ਪੱਛਮੀ ਯੂ ਪੀ ਵਿੱਚ ਕਤਲ, ਹਥਿਆਰਬੰਦ ਡਕੈਤੀ ਤੇ ਜਬਰੀ ਵਸੂਲੀ ਦੇ ਘੱਟੋ-ਘੱਟ 21 ਕੇਸ ਦਰਜ ਹਨ ਤੇ ਕਈ ਕੇਸਾਂ ਵਿਚ ਉਸ ਨੂੰ ਅਦਾਲਤ ਨੇ ਭਗੌੜਾ ਐਲਾਨ ਕੀਤਾ ਹੋਇਆ ਹੈ।

ਇਸ ਕੇਸ ਦਾ ਦੂਸਰਾ ਮੁੱਖਦੋਸ਼ੀ ਵਿਕਾਸ ਮਾਹਲੇ ਵੀ ਹਰਿਆਣਾ ਦਾ ਵਸਨੀਕ ਹੈ ਤੇ ਉਸ ਉੱਤੇ ਵੀ ਕਤਲ ਅਤੇ ਜਬਰੀ ਵਸੂਲੀ ਨਾਲ ਸੰਬੰਧਿਤ ਨੌਂ ਕੇਸ ਹਨ ਅਤੇ ਇਸ ਨੇ ਪੰਜਾਬ ਵਿੱਚ ਵੀ ਕਤਲ ਦੇ ਦੋ ਕੇਸਾਂਵਿੱਚ ਆਪਣੀ ਭੂਮਿਕਾ ਮੰਨੀ ਹੈ, ਜਿਨ੍ਹਾਂ ਦਾ ਪੁਲੀਸ ਨੂੰ ਪਤਾ ਨਹੀਂ ਸੀ।ਪਿਛਲੇ ਸਾਲ ਜੂਨ ਵਿੱਚ ਜਲੰਧਰ ਵਿਖੇ ਸੁਖਮੀਤ ਸਿੰਘ ਡਿਪਟੀ ਨੂੰ ਗੋਲੀ ਮਾਰ ਕੇ ਮਾਰ ਦੇਣ ਦੇ ਕੇਸ ਵਿੱਚ ਵੀ ਵਿਕਾਸ ਮਾਲੇ ਨੇ ਆਪਣਾ ਹੱਥ ਮੰਨਿਆ ਹੈ। ਇਸ ਤੋਂ ਬਿਨਾ ਜਨਵਰੀ 2022 ਵਿੱਚ ਬਠਿੰਡਾ ਵਿੱਚ ਮਨਪ੍ਰੀਤ ਛੱਲਾ ਤੇ ਮਨਪ੍ਰੀਤ ਵਿੱਕੀ ਨਾਮ ਦੇ ਦੋ ਲੋਕਾਂ ਦੇ ਕਤਲ, ਜੋਇੱਕ ਮਾਰੇ ਗਏ ਗੈਂਗਸਟਰ ਕੁਲਬੀਰ ਨਰੂਆਣਾ ਦੇ ਸਾਥੀ ਸਨ, ਨੂੰ ਕੁਝ ਅਣਪਛਾਤੇ ਲੋਕਾਂ ਨੇ ਗੋਲੀ ਮਾਰ ਕੇ ਮਾਰਦਿੱਤਾ ਸੀ। ਵਿਕਾਸ ਨੇ ਇਸ ਬਾਰੇ ਪੁਲੀਸ ਨੂੰ ਦੱਸਿਆ ਕਿ ਇਹ ਕਤਲ ਉਸ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਸੰਗਰੂਰ ਦੇ ਇੱਕ ਹੋਰ ਗੈਂਗਸਟਰ ਫਤਿਹ ਨਗਰੀ ਦੀ ਗ੍ਰਿਫ਼ਤਾਰੀ ਦਾ ਬਦਲਾ ਲੈਣ ਲਈ ਕੀਤੇ ਸਨ।

## ਸੜਕ ਹਾਦਸੇ ਵਿੱਚ ਨੌਜਵਾਨ ਦੀ ਮੌਤ, ਦੋ ਗੰਭੀਰ ਜ਼ਖਮੀ

ਮੱਲ੍ਹੀਆਂ ਕਲਾਂ, 5 ਜੂਨ (ਪੋਸਟ ਬਿਊਰੋ)- ਕੱਲ੍ਹ ਰਾਤ ਦਸ ਕੁ ਵਜੇ ਦੇ ਕਰੀਬ ਮੋਟਰ ਸਾਈਕਲ ਸਵਾਰ ਤਿੰਨ ਜਣਿਆਂ ਦੀ ਟਰੈਕਟਰ ਟਰਾਲੀ ਨਾਲ ਟੱਕਰ ਹੋ ਜਾਣ ਕਾਰਨ ਇੱਕ ਜਣੇ ਦੀ ਮੌਤ ਤੇ ਦੋ ਗੰਭੀਰ ਜ਼ਖਮੀ ਹੋ ਗਏ।

ਪੁਲਸ ਚੌਕੀ ਉਗੀ ਦੇ ਇੰਚਾਰਜ ਨੇ ਦੱਸਿਆ ਕਿ ਹਿਮਾਂਸ਼ੂ ਆਪਣੀ ਪਤਨੀ ਪ੍ਰਭਜੋਤ ਕੌਰ ਅਤੇ ਆਪਣੇ ਮਾਮੇ ਦੇ ਲੜਕੇ ਅਭਿਸ਼ੇਕ (22) ਨਾਲ ਮੋਟਰ ਸਾਈਕਲ ਉੱਤੇ ਪਿੰਡ ਈਦੇ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਮਿਲ ਕੇ ਵਾਇਆ ਗਿੱਲਾਂ, ਦਾਨੇਵਾਲ ਜਾ ਰਿਹਾ ਸੀ। ਮੋਟਰ ਸਾਈਕਲ ਨੂੰ ਅਭਿਸ਼ੇਕ ਚਲਾ ਰਿਹਾ ਸੀ। ਜਦੋਂ ਉਹ ਪਿੰਡ ਗਿੱਲਾਂ ਨੇੜੇ ਪਹੁੰਚੇ ਤਾਂ ਗਿੱਲਾਂ ਵਾਲੇ ਪਾਸਿਓਂ ਆਈ ਟਰੈਕਟਰ ਟਰਾਲੀ ਨਾਲ ਮੋਟਰ ਸਾਈਕਲ ਦੀ ਟੱਕਰ ਹੋ ਗਈ, ਜਿਸ ਨਾਲੇ ਮੋਟਰ ਸਾਈਕਲ ਚਲਾ ਰਹੇ ਅਭਿਸ਼ੇਕ ਦੀ ਮੌਤ ਹੋ ਗਈ ਤੇ ਉਸ ਦੀ ਪਤਨੀ ਪ੍ਰਭਜੋਤ ਕੌਰ ਜ਼ਖਮੀ ਹੋ ਗਈ। ਦੋਵਾਂ ਨੂੰ ਨਕੋਦਰ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਪੁਲਸ ਇਸ ਘਟਨਾ ਦੀ ਜਾਂਚ ਕਰ ਰਹੀ ਹੈ ਅਤੇ ਉਗੀ ਪੁਲਸ ਨੇ ਅਣਪਛਾਤੇ ਟਰੈਕਟਰ ਟਰਾਲੀ ਚਾਲਕ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਟਰੈਕਟਰ ਟਰਾਲੀ ਚਾਲਕ ਮੌਕੇ ਤੋਂ ਫਰਾਰ ਹੋ ਗਿਆ ਹੈ।

# ਪੀ ਆਰ ਟੀ ਸੀ ਦੇ ਦੋ ਮੁਲਾਜ਼ਮ 3.25 ਲੱਖ ਰੁਪਏ ਦੇ ਘਪਲੇ ਦੇ ਦੋਸ਼ ਵਿੱਚ ਨਾਮਜ਼ਦ

ਚੰਡੀਗੜ੍ਹ, 5 ਜੂਨ (ਪੋਸਟ ਬਿਊਰੋ)- ਪੀ ਆਰ ਟੀ ਸੀ (ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ) ਦੇ ਬਠਿੰਡਾ ਕਾਊਂਟਰ ਦੇ ਐਡਵਾਂਸ ਬੁਕਿੰਗ ਕਰਨ ਵਾਲੇ ਦੋ ਕਰਮਚਾਰੀਆਂ ਦੇ ਖਿਲਾਫਪੁਲਸ ਨੇਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਆਦੇਸ਼ ਉੱਤੇ3.25 ਲੱਖ ਰੁਪਏ ਦਾ ਘਪਲਾ ਕਰਨ ਦਾ ਕੇਸ ਦਰਜ ਕੀਤਾ ਹੈ।




ਵਰਨਣ ਯੋਗ ਹੈ ਕਿ ਟਰਾਂਸਪੋਰਟ ਮੰਤਰੀ ਨੇ ਐਡਵਾਂਸ ਬੁਕਿੰਗ ਦੀਆਂ ਟਿਕਟਾਂ ਦੀ ਪ੍ਰਕਿਰਿਆ ਦੀ ਜਾਂਚ ਦੇ ਹੁਕਮ ਦਿੱਤੇ ਸਨ ਅਤੇ ਜਾਂਚ ਵਿੱਚ ਪਤਾ ਲੱਗਾ ਕਿ ਬਠਿੰਡਾ ਕਾਊਂਟਰ ਦੇ ਐਡਵਾਂਸ ਬੁੱਕਰ (ਐਡਵਾਂਸ ਬੁਕਿੰਗ ਕਰਨ ਵਾਲੇ) ਰਾਮ ਸਿੰਘ ਅਤੇ ਸੁਖਪਾਲ ਸਿੰਘ ਟਿਕਟ ਮਸ਼ੀਨਾਂ ਵਿੱਚ ਹੇਰਾਫੇਰੀ ਕਰ ਕੇ ਸਰਕਾਰ ਨੂੰ ਚੂਨਾ ਲਾ ਰਹੇ ਹਨ।ਟਰਾਂਸਪੋਰਟ ਮੰਤਰੀ ਭੁੱਲਰ ਨੇ ਦੱਸਿਆ ਕਿ ਜਾਂਚ ਦੌਰਾਨ ਮਈ ਦੇ ਪਹਿਲੇ ਪੰਜ ਦਿਨਾਂ ਵਿੱਚ ਹੀ ਕਰੀਬ 3.25 ਲੱਖ ਰੁਪਏ ਦਾ ਫਰਕ ਪਤਾ ਲੱਗਾ ਹੈ। ਉਨ੍ਹਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹੁਕਮ ਦਿੱਤੇ ਹਨ ਕਿ ਪਿਛਲੇ ਸਮੇਂ ਵਿੱਚ ਹੋਈ ਐਡਵਾਂਸ ਟਿਕਟਾਂ ਦੀ ਬੁਕਿੰਗ ਨੂੰ ਚੈਕ ਕੀਤਾ ਜਾਏ ਅਤੇ ਜੋ ਵੀ ਦੋਸ਼ੀ ਨਿਕਲਦਾ ਹੈ, ਉਸ ਉੱਤੇ ਕਾਰਵਾਈ ਕੀਤੀ ਜਾਵੇ।

# ਮੋਟਰ ਸਾਈਕਲ ਲਈ ਦੋਸਤ ਦਾ ਕਤਲ, ਅੰਨ੍ਹੇ ਕਤਲ ਦਾ ਪਰਦਾ ਫਾਸ਼

ਜਲੰਧਰ, 5 ਜੂਨ (ਪੋਸਟ ਬਿਊਰੋ)- ਥਾਣਾ ਜੀ ਆਰ ਪੀ ਦੀ ਪੁਲਸ ਨੇ ਕੁਝ ਦਿਨਾਂ ਵਿਚ ਅੰਨ੍ਹੇ ਕਤਲ ਦੀ ਗੁੱਥੀ ਸੁਲਝਾ ਕੇ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚੋਂ ਦੋ ਨਾਬਾਲਗ ਹਨ। ਇਸ ਸੰਬੰਧ ਵਿੱਚ ਰੇਲਵੇ ਪੁਲਸ (ਜੀ ਆਰ ਪੀ) ਦੇ ਡੀ ਐਸ ਪੀ ਨੇ ਦੱਸਿਆ ਕਿ 28 ਮਈ ਨੂੰ ਚਹੇੜੂ-ਫਗਵਾੜਾ ਵਿਚਕਾਰ ਰੇਲਵੇ ਲਾਈਨਾਂ ਕੰਢਿਓਂ ਇੱਕ ਵਿਅਕਤੀ ਦੀ ਲਾਸ਼ ਮਿਲੀ ਸੀ, ਜਿਸ ਦੀ ਪਛਾਣ ਚੁਗਿੱਟੀ ਬਾਈਪਾਸ ਦੇ ਵਾਸੀ ਕਰਣ ਵਜੋਂ ਹੋਈ ਸੀ। ਪਹਿਲਾਂ ਕਰਣ ਦੇ ਕਤਲ ਦੇ ਸ਼ੱਕ ਦੀ ਸੂਈ ਉਸ ਦੇ ਸਹੁਰਿਆਂ ਉੱਤੇ ਜਾਂਦੀ ਸੀ, ਕਿਉਂਕਿ ਉਸ ਦਾ ਪ੍ਰੇਮ ਵਿਆਹ ਹੋਇਆ ਸੀ ਅਤੇ ਉਸ ਦੇ ਸਹੁਰਿਆਂ ਨੂੰ ਇਹ ਵਿਆਹ ਮਨਜ਼ੂਰ ਨਹੀਂ ਸੀ, ਪਰ ਜਦੋਂ ਪੁਲਸ ਨੇ ਮ੍ਰਿਤਕ ਦੀ ਕਾਲ ਡਿਟੇਲ ਕਢਵਾਈ ਤਾਂ ਲੋਕੇਸ਼ਨ ਦੀ ਜਾਂਚ ਤੋਂ ਬਾਅਦ ਰਾਜਵੀਰ ਪੁੱਤਰ ਵਰਿੰਦਰ, ਸੋਮ ਪੁੱਤਰ ਰਾਜ ਕਪੂਰ ਅਤੇ ਗਗਨ ਪੁੱਤਰ ਗੇਛੀ ਵਾਸੀ ਪਲਾਹੀ ਗੇਟ ਫਗਵਾੜਾ ਨੂੰ ਕੇਸ ਵਿੱਚ ਨਾਮਜ਼ਦ ਕੀਤਾ।ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਕਰਣ ਕੋਲ ਮੋਟਰ ਸਾਈਕਲ ਸੀ। ਕੁਝ ਦਿਨ ਪਹਿਲਾਂ ਉਹ ਮੋਟਰ ਸਾਈਕਲ ਉੱਤੇ ਫਗਵਾੜੇ ਗਿਆ ਸੀ। ਗ੍ਰਿਫਤਾਰ ਤਿੰਨੇ ਵਿਅਕਤੀ ਉਸ ਦੇ ਸੰਪਰਕ ਵਿੱਚ ਸਨ, ਜਿਨ੍ਹਾਂ ਯੋਜਨਾ ਬਣਾਈ ਕਿ ਕਰਣ ਦਾ ਮੋਟਰ ਸਾਈਕਲ ਖੋਹਣਾ ਹੈ। ਘਟਨਾ ਵਾਲੇ ਦਿਨ ਤਿੰਨੇ ਕਰਣ ਦੇ ਮੋਟਰ ਸਾਈਕਲ ਉੱਤੇ ਫਗਵਾੜਾ ਤੋਂ ਜਲੰਧਰ ਲਈ ਚੱਲੇ। ਰਸਤੇ ਵਿੱਚ ਰੇਲਵੇ ਲਾਈਨਾਂ ਕੰਢੇ ਉਹ ਪਿਸ਼ਾਬ ਕਰਨ ਦੇ ਬਹਾਨੇ ਰੁਕੇ ਤਾਂ ਰਾਜਵੀਰ ਨੇ ਖੰਡੇ ਅਤੇ ਸੋਮ ਅਤੇ ਗਗਨ ਨੇ ਤਲਵਾਰ ਨਾਲ ਉਸ ਉੱਤੇ ਹਮਲਾ ਕਰ ਦਿੱਤਾ, ਜਿਸ ਨਾਲ ਘਟਨਾ ਵਾਲੀ ਥਾਂ ਉਸ ਦੀ ਮੌਤ ਹੋ ਗਈ।ਮੁਲਜ਼ਮਾਂ ਦੀ ਨਿਸ਼ਾਨਦੇਹੀ ਉੱਤੇ ਪੁਲਸ ਨੇ ਕਰਣ ਦੇ ਕਤਲ ਲਈ ਵਰਤੀ ਗਈ ਤਲਵਾਰ ਅਤੇ ਸੋਮ ਕੋਲੋਂ ਮ੍ਰਿਤਕ ਕਰਣ ਦਾ ਮੋਬਾਈਲ ਫੋਨ ਬਰਾਮਦ ਕੀਤਾ ਹੈ। ਤਿੰਨਾਂ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ। ਮੁਲਜ਼ਮ ਗਗਨ ਅਤੇ ਸੋਮ ਨਾਬਾਲਗ ਹੋਣ ਕਾਰਨ ਅਦਾਲਤ ਨੇ ਉਨ੍ਹਾਂ ਨੂੰ ਜੁਵੇਨਾਈਲ ਹੋਮ ਭੇਜ ਦਿੱਤਾ, ਜਦ ਕਿ ਮੁੱਖ ਮੁਲਜ਼ਮ ਰਾਜਵੀਰ ਦਾ ਪੁਲਸ ਨੇ ਤਿੰਨ ਦਿਨਾਂ ਦਾ ਰਿਮਾਂਡ ਲਿਆ ਹੈ ਕਿਉਂਕਿ ਪੁਲਸ ਨੇ ਕਤਲ ਵਿੱਚ ਵਰਤਿਆ ਖੰਡਾ ਅਤੇ ਮ੍ਰਿਤਕ ਦਾ ਮੋਟਰ ਸਾਈਕਲ ਬਰਾਮਦ ਕਰਨਾ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਸੰਗਰੂਰ ਉੱਪ ਚੋਣ : ਆਪ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਵੱਲੋਂ ਨਾਮਜ਼ਦਗੀ ਪੱਤਰ ਦਾਖਲ

* ਅਕਾਲੀ ਦਲ ਨੇ ਰਾਜੋਆਣਾ ਦੀ ਭੈਣ ਨੂੰ ਉਮੀਦਵਾਰ ਐਲਾਨਿਆ * ਸਿਮਰਨਜੀਤ ਸਿੰਘ ਮਾਨ ਵੱਲੋਂ ਵੀ ਨਾਮਜ਼ਦਗੀ ਪੱਤਰ ਪੇਸ਼

ਸੰਗਰੂਰ, 5 ਜੂਨ, (ਪੋਸਟ ਬਿਊਰੋ)- ਇਸ 23 ਜੂਨ ਨੂੰ ਹੋਣ ਵਾਲੀ ਸੰਗਰੂਰ ਲੋਕ ਸਭਾ ਹਲਕੇ ਦੀ ਉੱਪ ਚੋਣ ਵਾਸਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਨੇ ਅੱਜ ਆਪਣਾ ਨਾਮਜ਼ਦਗੀ ਪੱਤਰਪੇਸ਼ ਕਰ ਦਿੱਤਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ ਵਿੱਚ ਗੁਰਮੇਲ ਸਿੰਘ ਘਰਾਚੋਂ ਨੇ ਕਾਗਜ਼ ਪੇਸ਼ ਕੀਤੇ।



ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੌਕੇਕਿਹਾ ਕਿ ਸੰਗਰੂਰ ਦੇ ਲੋਕਾਂ ਨੇ ਪਹਿਲਾਂ ਮੇਰੇ ਉੱਤੇ ਦੋ ਵਾਰ ਭਰੋਸਾ ਕੀਤਾ ਹੈ ਤੇ ਇਸ ਵਾਰ ਗੁਰਮੇਲ ਸਿੰਘ ਉੱਤੇ ਵੀ ਕਰਨਗੇ। ਭਗਵੰਤ ਮਾਨ ਨੇ ਕਿਹਾ ਕਿ ਚੋਣਾਂ ਵਿੱਚ ਅਸੀਂ ਆਪਣਾ ਕੰਮ ਕਰਾਂਗੇ, ਵਿਰੋਧੀ ਪਾਰਟੀਆਂ ਆਪਣਾ ਏਜੰਡਾ ਲੈ ਕੇ ਆਉਣਗੀਆਂ, ਲੋਕਾਂ ਨੇ ਫੈਸਲਾ ਕਰਨਾ ਹੈ।

ਦੂਸਰੇ ਪਾਸੇ ਇਸ ਲੋਕ ਸਭਾ ਉੱਪ ਚੋਣ ਲਈਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਤਲ ਕੇਸ ਵਿੱਚ ਫਾਂਸੀ ਦੀ ਸਜ਼ਾ ਵਾਲੇ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੂੰ ਅਕਾਲੀ-ਬਸਪਾ ਗੱਠਜੋੜ ਤੇ ਸਭ ਪੰਥਕ ਜਥੇਬੰਦੀਆਂ ਦਾ ਸਾਂਝਾ ਉਮੀਦਵਾਰ ਐਲਾਨ ਕੀਤਾ ਹੈ। ਉਹ ਅਕਾਲੀ ਦਲ ਦੇ ਨਿਸ਼ਾਨ ਉੱਤੇ ਚੋਣ ਲੜਨ ਲਈ 6 ਜੂਨ ਨੂੰ ਨਾਮਜ਼ਦਗੀ ਪੱਤਰਪੇਸ਼ ਕਰੇਗੀ।ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਫਾਸੀ ਦੀ ਸਜ਼ਾ ਹੋਣ ਪਿੱਛੋਂ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਰਾਜੋਆਣਾ ਨੂੰ ਮਿਲਣ ਪਿੱਛੋਂ ਚੋਣ ਲੜਨ ਦੀ ਸਹਿਮਤੀ ਦਿੱਤੀ ਹੈ। ਉਨ੍ਹਾਂ ਨੇ ਅੱਜ ਜੇਲ੍ਹ ਵਿੱਚ ਬਲਵੰਤ ਸਿੰਘ ਰਾਜੋਆਣਾ ਨੂੰ ਮਿਲਣਪਿੱਛੋਂ ਕਿਹਾ ਕਿ ਉਹ ਚੋਣ ਤਦੇ ਲੜਨਗੇ, ਜੇ ਅਕਾਲੀ ਦਲ ਟਿਕਟ ਦੇਵੇ, ਆਜ਼ਾਦ ਚੋਣ ਲੜਨ ਦਾ ਉਨ੍ਹਾਂ ਦਾ ਮਨ ਨਹੀਂ ਹੈ। ਇਸ ਤੋਂ ਪਹਿਲਾਂ ਅਕਾਲੀ ਦਲ ਦਾ ਵਫਦ, ਜਿਸ ਵਿਚ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਸ਼ਰਨਜੀਤ ਸਿੰਘ ਢਿੱਲੋਂਤੇ ਹੋਰ ਸ਼ਾਮਲ ਸਨ, ਕਮਲਦੀਪ ਕੌਰ ਨੂੰ ਉਨ੍ਹਾਂ ਦੇ ਘਰ ਜਾ ਕੇ ਮਿਲਿਆ ਅਤੇ ਚੋਣ ਲੜਨ ਦੀ ਅਪੀਲ ਕੀਤੀ ਸੀ।

ਅੱਜ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂਅੱਜ ਸਿਮਰਨਜੀਤ ਸਿੰਘ ਮਾਨ ਨੇ ਵੀ ਉਪ ਚੋਣ ਲਈ ਨਾਮਜ਼ਦਗੀ ਪੱਤਰਪੇਸ਼ ਕਰ ਦਿੱਤਾ ਹੈ। ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਭ ਪਾਰਟੀਆਂ ਏਦਾਂ ਦਾ ਉਮੀਦਵਾਰ ਲੱਭ ਰਹੀਆਂ ਹਨ, ਜਿਹੜਾਮੇਰਾ ਮੁਕਾਬਲਾ ਕਰ ਸਕੇ।ਉਨ੍ਹਾ ਨੇ ਇੱਕ ਦਿਨ ਪਹਿਲਾਂ ਕਿਹਾ ਸੀ ਕਿ ਜੇ ਬਾਦਲ ਅਕਾਲੀ ਦਲ ਏਦਾਂ ਦਾਉਮੀਦਵਾਰ ਖੜਾ ਕਰੇ, ਜਿਹੜਾ ਬੰਦੀ ਸਿੰਘ ਛੁਡਾ ਸਕੇ ਤਾਂ ਸਾਡੀ ਪਾਰਟੀ ਸੋਚੇਗੀ। ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਬਾਦਲ ਅਕਾਲੀ ਦਲ ਨੂੰ ਉਹ ਉਮੀਦਵਾਰ ਨਹੀਂ ਲੱਭਦਾ, ਜਿਹੜਾ ਸਾਡੇ ਅੱਗੇ ਟਿਕ ਕਰ ਸਕੇ।ਵਰਨਣ ਯੋਗ ਹੈ ਕਿਸੰਗਰੂਰ ਚੋਣ ਬਾਰੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇੱਕ ਦਿਨ ਪਹਿਲਾਂ ਸਿਮਰਨਜੀਤ ਸਿੰਘ ਮਾਨ ਨੂੰ ਮਿਲਣ ਗਏ ਤਾਂ ਸੂਤਰਾਂ ਮੁਤਾਬਿਕ ਉਹ ਉੱਪ ਚੋਣਾਂ ਵਿੱਚ ਮਾਨ ਨੂੰ ਮਦਦ ਦੇਣ ਗਏ ਹਨ।ਉਨ੍ਹਾ ਨਾਲ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਸਨ।

# ਬਰਖਾਸਤ ਹੋਏ ਪੁਲਸ ਅਫਸਰ ਨੂੰ ਭ੍ਰਿਸ਼ਟਾਚਾਰ ਬਦਲੇ ਪੰਜ ਸਾਲ ਜੇਲ੍ਹ

*ਰਿਸ਼ਵਤ ਕੇਸ ਵਿੱਚ ਸਿਪਾਹੀ ਤੇ ਦਲਾਲ ਵੀ ਦੋਸ਼ੀ ਕਰਾਰ

ਲੁਧਿਆਣਾ, 5 ਜੂਨ (ਪੋਸਟ ਬਿਊਰੋ)- ਐਡੀਸ਼ਨਲ ਸੈਸ਼ਨ ਜੱਜ ਡਾਕਟਰ ਅਜੀਤ ਅਤਰੀ ਦੀ ਅਦਾਲਤ ਨੇ ਅੰਮ੍ਰਿਤਸਰ ਦੇ ਪਿੰਡ ਸਹਿੰਸਰਾ ਕਲਾਂ ਦੇ ਬਰਖਾਸਤ ਹੋਏ ਏ ਐਸ ਆਈ ਸੁਖਵੰਤ ਸਿੰਘ ਨੂੰ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਹੈ ਅਤੇ ਪੰਜ ਸਾਲ ਦੀ ਸਖਤ ਕੈਦ ਅਤੇ 33 ਲੱਖ ਰੁਪਏ ਜੁਰਮਾਨਾ ਲਾਇਆ ਹੈ।

ਐਸ ਐਸ ਪੀ ਵਿਜੀਲੈਂਸ ਨੇ ਦੱਸਿਆ ਕਿ 10 ਅਪ੍ਰੈਲ 2013 ਨੂੰ ਸੁਖਵੰਤ ਸਿੰਘ ਦੇ ਖਿਲਾਫ ਇੱਕ ਜਾਂਚ ਪਿੱਛੋਂ ਆਮਦਨ ਤੋਂ ਵੱਧ ਜਾਇਦਾਦ ਇਕੱਠੀ ਕਰਨ ਦਾ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸੁਖਵੰਤ ਸਿੰਘ ਨੇ ਸਾਲ 2014 ਵਿੱਚ ਵਿਭਾਗ ਤੋਂ ਸੇਵਾਮੁਕਤੀ ਦੀ ਮੰਗ ਕੀਤੀ ਤਾਂ ਅਪੀਲ ਰੱਦ ਕਰ ਕੇ ਉਸ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਕੇਸ ਦੀ ਜਾਂਚ ਦੌਰਾਨ ਮਿਲੇ ਭਰੋਸੇਯੋਗ ਅਤੇ ਪੱਕੇ ਸਬੂਤਾਂ ਨਾਲ ਅਪਾਰਧ ਨੂੰ ਸਾਬਤ ਕਰਨ ਲਈ ਇਸ ਕੇਸ ਵਿੱਚ 28 ਗਵਾਹਾਂ ਦੇ ਬਿਆਨ ਹੋਵੇ। ਸਰਕਾਰੀ ਵਕੀਲ ਨੇ ਸਾਬਤ ਕੀਤਾ ਕਿ ਸੁਖਵੰਤ ਸਿੰਘ ਕੋਲ 10 ਤੋਂ ਵੱਧ ਜਾਇਦਾਦਾਂ ਸਨ ਅਤੇ ਉਸ ਦੇ ਬੈਂਕ ਖਾਤਿਆਂ ਵਿੱਚ ਭਾਰੀ ਧਨ ਦਾ ਲੈਣ-ਦੇਣ ਹੋਇਆ ਸੀ।

ਏਦਾਂ ਦੇ ਇੱਕ ਹੋਰ ਕੇਸ ਵਿੱਚ 2012 ਵਿੱਚ ਚੰਡੀਗੜ੍ਹ ਸੀ ਬੀ ਆਈ ਨੇ 10 ਲੱਖ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਸਬ ਇੰਸਪੈਕਟਰ ਨਵੀਨ ਸ਼ਰਮਾ ਅਤੇ ਉਸ ਦੇ ਦਲਾਲ ਸੋਮਨਾਥ ਅਨੇਜਾ ਨੂੰ ਗ੍ਰਿਫਤਾਰ ਕੀਤਾ ਸੀ। ਇਸ ਕੇਸ ਵਿੱਚ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਉਸ ਨੂੰ ਦੋਸ਼ੀ ਕਰਾਰ ਦਿੱਤਾ ਹੈ।

## ਪਾਕਿ ਸਰਕਾਰ ਨੇ ਅਫਸਰਾਂ ਦੀ ਜਾਂਚ ਦਾ ਜ਼ਿੰਮਾ ਆਈ ਐਸ ਆਈ ਨੂੰ ਸੌਂਪਿਆ




ਇਸਲਾਮਾਬਾਦ, 5 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਪ੍ਰਮੁੱਖ ਖੁਫੀਆ ਏਜੰਸੀ ਆਈ ਐਸ ਆਈ ਨੂੰ ਸਾਰੇ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਵੈਰੀਫਿਕੇਸ਼ਨ ਅਤੇ ਜਾਂਚ ਦੀ ਜ਼ਿੰਮੇਵਾਰੀ ਅਧਿਕਾਰਤ ਤੌਰ ਉੱਤੇ ਸੌਂਪ ਦਿੱਤੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਆਈ ਐਸ ਆਈ ਦੇਸ਼ ਵਿੱਚ ਪਹਿਲਾਂ ਵੀ ਇਹ ਕੰਮ ਕਰਦੀ ਰਹੀ ਹੈ, ਪਰ ਇਸ ਨੂੰ ਪ੍ਰੋਟੋਕਾਲ ਦੇ ਰੂਪ ਵਿੱਚ ਰਸਮੀ ਨਹੀਂ ਕੀਤਾ ਗਿਆ ਸੀ।

ਐਸਟੈਬਲਿਸ਼ਮੈਂਟ ਡਵੀਜ਼ਨ ਦੇ ਐਕਟ ਮੁਤਾਬਕ ਸ਼ਾਹਬਾਜ਼ ਸ਼ਰੀਫ ਨੇ ਪ੍ਰਧਾਨ ਮੰਤਰੀ ਦੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ ਐਸ ਆਈ) ਡਾਇਰੈਕਟੋਰੇਟ ਜਨਰਲ ਨੂੰ ਸਾਰੇ ਸਰਕਾਰੀ ਦਫਤਰਾਂ ਦੇ (ਅਧਿਕਾਰੀ ਸ਼੍ਰੇਣੀ) ਮੁਲਾਜ਼ਮਾਂ ਦੀ ਵੈਰੀਫਿਕੇਸ਼ਨ ਅਤੇ ਜਾਂਚ ਲਈ ਵਿਸ਼ੇਸ਼ ਜਾਂਚ ਏਜੰਸੀ (ਐਸ ਵੀ ਏ) ਦੇ ਰੂਪ ਵਿੱਚ ਨੋਟੀਫਾਈਡ ਕੀਤਾ ਹੈ। ਉਕਤ ਕਾਨੂੰਨ ਪ੍ਰਧਾਨ ਮੰਤਰੀ ਨੂੰ ਨੌਕਰਸ਼ਾਹੀ ਦੇ ਨਿਯਮ ਬਣਾਉਣ ਜਾਂ ਉਸ ਵਿੱਚ ਸੋਧ ਕਰਨ ਦਾ ਅਧਿਕਾਰ ਦਿੰਦੇ ਹਨ। ਉਸ ਨੇ ਦੱਸਿਆ ਕਿ ਇਹ ਨਿਰਦੇਸ਼ ਪ੍ਰਧਾਨ ਮੰਤਰੀ ਦਫਤਰ ਵੱਲੋਂ ਛੇ ਮਈ ਨੂੰ ਜਾਰੀ ਕੀਤੇ ਗਏ ਸਨ। ਐਸਟੈਬਲਿਸ਼ਮੈਂਟ ਡਵੀਜ਼ਨ ਦੇ ਇੱਕ ਸੀਨੀਅਰ ਅਫਸਰ ਨੇ ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ ਉੱਤੇਕਿਹਾ ਕਿ ਅਫਸਰਸ਼ਾਂਹਾਂ ਨੂੰ ਕੋਈ ਅਹਿਮ ਜ਼ਿੰਮੇਵਾਰੀ ਸੌਂਪੇ ਜਾਣ ਤੋਂ ਪਹਿਲਾਂ ਆਈ ਐਸ ਆਈ ਅਤੇ ਖੁਫੀਆ ਬਿਊਰੋ (ਆਈ ਬੀ) ਉਨ੍ਹਾਂ ਬਾਰੇ ਆਪਣੀ ਰਿਪੋਰਟ ਦਿੰਦੇ ਹਨ। ਵਿਸ਼ੇਸ਼ ਤੌਰ ਉੱਤੇ ਨੌਕਰਸ਼ਾਹਾਂ ਨੂੰ ਤਰੱਕੀ ਦੇ ਸਮੇਂ ਰਿਪੋਰਟ ਕੇਂਦਰੀ ਚੋਣ ਬੋਰਡ (ਸੀ ਐਸ ਬੀ) ਨੂੰ ਭੇਜੀ ਜਾਂਦੀ ਹੈ।

## ਫੈਕਟਰੀ ਵਿੱਚ ਬੁਆਇਲਰ ਫਟਣ ਨਾਲ 12 ਮੌਤਾਂ





ਹਾਪੁੜ, 5 ਜੂਨ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਹਾਪੁੜ ਜ਼ਿਲ੍ਹੇ ਵਿੱਚ ਇੱਕ ਕੈਮੀਕਲ ਫੈਕਟਰੀਦਾ ਬੁਆਇਲਰ ਫਟਣ ਕਾਰਨ 12 ਮੁਲਾਜ਼ਮ ਮਾਰੇ ਗਏ ਅਤੇ 19 ਹੋਰ ਜ਼ਖਮੀਹੋ ਗਏ ਹਨ।

ਭਾਰਤ ਦੀ ਰਾਜਧਾਨੀ ਦਿੱਲੀ ਤੋਂ ਕਰੀਬ ਅੱਸੀ ਕਿਲੋਮੀਟਰ ਦੂਰ ਢੌਲਨਾ ਦੇ ਯੂ ਪੀ ਐਸ ਆਈਡੀ ਸੀ ਸਨਅਤੀ ਇਲਾਕੇ ਵਿੱਚ ਪੈਂਦੀ ਫੈਕਟਰੀ ਅੰਦਰ ਧਮਾਕਾ ਇੰਨਾ ਜ਼ੋਰਦਾਰ ਸੀ ਕਿ ਨਾਲ ਲਗਦੀਆਂ ਹੋਰ ਫੈਕਟਰੀਆਂ ਦੀਆਂ ਛੱਤਾਂ ਵੀ ਉਡ ਗਈਆਂ। ਅੱਗ ਬੁਝਾਊ ਦਸਤੇ ਨੂੰ ਫੈਕਟਰੀ ਵਿੱਚ ਅੱਗਬੁਝਾਉਣ ਲਈ ਤਿੰਨ ਘੰਟੇ ਲੱਗੇ। ਆਈ ਜੀ (ਮੇਰਠ ਰੇਂਜ) ਨੇ ਦੱਸਿਆ ਕਿ 12 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਮੌਕੇ ਉੱਤੇ ਜਾ ਕੇ ਰਾਹਤ ਅਤੇ ਬਚਾਅ ਕਾਰਜ ਚਲਾਉਣ ਦੇ ਨਿਰਦੇਸ਼ ਦਿੱਤੇ ਹਨ।

## ਸਮਾਰਟ ਸਿਰਹਾਣਾ ਨੀਂਦ ਦੀ ਗੁਣਵੱਤਾ ਨੂੰ ਟਰੈਕ ਕਰਨ ਵਿੱਚ ਮਦਦ ਕਰੇਗਾ

ਬੀਜਿੰਗ, 5 ਜੂਨ (ਪੋਸਟ ਬਿਊਰੋ)- ਚੀਨੀ ਖੋਜੀਆਂ ਨੇ ਇੱਕ ਸਵ-ਸ਼ਕਤੀਵਾਲਾ ਸਮਾਰਟ ਸਿਰਹਾਣਾ ਬਣਾਇਆ ਹੈ, ਜੋ ਸਿਰ ਦੀ ਸਥਿਤੀ ਅਤੇ ਨੀਂਦ ਦੀ ਗੁਣਵੱਤਾ ਨੂੰ ਵੀ ਟਰੈਕ ਕਰਦਾ ਹੈ। ਖੋਜੀਆਂ ਨੇ ਨੀਂਦ ਦੀ ਪੁਰਾਣੀ ਕਮੀ ਨੂੰ ਸਰੀਰਕ ਬਿਮਾਰੀਆਂ ਜਿਵੇਂ ਸ਼ੂਗਰ ਅਤੇ ਦਿੱਲ ਦੇ ਰੋਗਾਂ ਦੇ ਨਾਲ-ਨਾਲ ਮਾਨਸਿਕ ਸਿਹਤ ਦੇ ਮੁੱਦਿਆਂ ਨਾਲ ਜੋੜਿਆ ਹੈ। ਜੋ ਲੋਕ ਇਸ ਉੱਤੇ ਬਿਹਤਰ ਕੰਟਰੋਲ ਕਰ ਸਕਣ ਵਿੱਚ ਰੁਚੀ ਰੱਖਣ ਵਾਲੇ ਹਨ ਕਿਰਾਤ ਨੂੰ ਉਨ੍ਹਾਂ ਨਾਲ ਕੀ ਹੋ ਰਿਹਾ ਹੈ, ਉਨ੍ਹਾਂ ਕੋਲ ਦੋ ਮੁੱਢਲੇ ਬਦਲ ਹੁੰਦੇ ਹਨ। ਉਹ ਦਵਾਈ ਨਾਲ ਨੀਂਦ ਟੈਸਟਿੰਗ ਲੈ ਸਕਦੇ ਹਨ ਜਾਂ ਸਮਾਰਟਫੋਨ ਜਾਂ ਸਮਾਰਟ ਘੜੀ ਦੀ ਐਪ ਦੀ ਵਰਤੋਂ ਕਰ ਸਕਦੇ ਹਨ। ਇਸ ਲੋੜ ਕਾਰਨ ਕਈ ਖੋਜਕਾਰਾਂ ਨੇ ਟ੍ਰਾਇਬੋਇਲੈਕਟ੍ਰਿਕ ਨੈਨੋਜੈਨਰੇਟਰਸ (ਟੀ ਈ ਐਨ ਜੀ) ਦੀ ਵਰਤੋਂ ਕਰ ਕੇ ਨਵੀਂ ਨੀਂਦ ਨਿਗਰਾਨੀ ਸਿਸਟਮ ਨੂੰ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ।ਇਸ ਸੈਲਫ-ਪਾਵਰਿੰਗ ਸਿਸਟਮ ਨੇ ਆਈ ਮਸਕ, ਬੈਲਟ, ਪੈਚ ਤੇ ਇੱਥੋਂ ਤਕ ਕਿ ਬੈਡਸ਼ੀਟ ਦਾ ਰੂਪ ਲੈ ਲਿਆ ਹੈ।

ਪਤਾ ਲੱਗਾ ਹੈ ਕਿ ਚੀਨ ਦੀ ਗੁਆਂਗਸ਼ੀ ਯੂਨੀਵਰਸਿਟੀ ਤੇ ਚੀਨੀ ਵਿਗਿਆਨ ਅਕਾਦਮੀ ਦੇ ਖੋਜੀ ਇਸ ਦ੍ਰਿਸ਼ਟੀਕੋਣ ਨੂੰ ਘੱਟ ਪਬੰਦੀਸ਼ੁਦਾ, ਵੱਧ ਆਰਾਮਦਾਇਕ ਬਣਾਉਣ ਲਈ ਅਨੁਕੂਲਿਤ ਕਰਨਾ ਚਾਹੁੰਦੇ ਸਨ, ਜੋ ਨੀਂਦ ਦੌਰਾਨ ਸਿਰ ਦੀ ਗਤੀ ਉੱਤੇ ਕੇਂਦਰਿਤ ਹੋਵੇ। ਇਸ ਨਵੇਂ ਸਮਾਰਟ ਸਿਰਹਾਣੇ ਨੂੰ ਬਣਾਉਣ ਲਈ ਇਸ ਟੀਮ ਨੇ ਇੱਕ ਲਚੀਲੀ, ਝਰਝਰਾ ਪਾਲੀਮਾਰ ਟ੍ਰਾਇਬੋਇਲੈਕਟ੍ਰਿਕ ਪਰਤ ਤਿਆਰ ਕੀਤੀ। ਸਿਰ ਅਤੇ ਇਸ ਪਰਤ ਦੇ ਵਿਚਲੀ ਗਤੀ ਦੇ ਨੇੜੇ ਦੇ ਇਲੈਕਟ੍ਰੋਡ ਦੇ ਆਸਪਾਸ ਬਿਜਲਈ ਖੇਤਰ ਵਿੱਚ ਤਬਦੀਲੀ ਹੁੰਦੀ ਹੈ, ਜਿਸ ਤੋਂ ਕਰੰਟ ਪੈਦਾ ਹੁੰਦਾ ਹੈ। ਉਨ੍ਹਾਂ ਨੇ ਇੱਕ ਲਚੀਲਾ ਅਤੇ ਸਾਹ ਲੈਣ ਯੋਗ ਟੈਂਗ (ਐਫ ਬੀ-ਟੈਂਗ) ਸਾਰਣੀ ਬਣਾਉਣ ਦੇ ਲਈ ਇਨ੍ਹਾਂ ਵਿੱਚ ਕਈ ਸਵ-ਸ਼ਕਤੀ ਵਾਲੇ ਸੈਂਸਰ ਇਕੱਠੇ ਜੋੜ ਦਿੱਤੇ ਹਨ, ਜਿਸ ਨੂੰ ਇੱਕ ਸਾਧਾਰਨ ਸਿਰਹਾਣੇ ਦੇ ਉਪਰ ਰੱਖਿਆ ਜਾ ਸਕਦਾ ਹੈ।

## ਐਫ ਆਈ ਏ ਵੱਲੋਂ ਪ੍ਰਧਾਨ ਮੰਤਰੀ ਸ਼ਾਹਬਾਜ਼ ਤੇ ਉਸ ਦੇ ਪੁੱਤਰ ਹਮਜ਼ਾ ਦੀ ਗ੍ਰਿਫਤਾਰੀ ਦੀ ਮੰਗ

* ਦੋਵਾਂ ਖਿਲਾਫ 1600 ਕਰੋੜ ਦਾ ਮਨੀ ਲਾਂਡ੍ਰਿੰਗ ਦਾ ਕੇਸ ਦਰਜ




ਇਸਲਾਮਾਬਾਦ, 5 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੀ ਫੈਡਰਲ ਜਾਂਚ ਏਜੰਸੀ (ਐਫ ਆਈ ਏ) ਨੇ ਕੱਲ੍ਹ 16 ਸੌ ਕਰੋੜ ਰੁਪਏ ਦੇ ਮਨੀ ਲਾਂਡ੍ਰਿੰਗ ਕੇਸ ਵਿੱਚ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ, ਉਸ ਦੇ ਪੁੱਤਰ ਅਤੇ ਪੰਜਾਬ ਸੂਬੇ ਦੇ ਮੁੱਖ ਮੰਤਰੀ ਹਮਜ਼ਾ ਸ਼ਾਹਬਾਜ਼ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ।

ਮਿਲੀ ਰਿਪੋਰਟ ਮੁਤਾਬਕ ਐਫ ਆਈ ਏ ਨੇ ਵਿਸ਼ੇਸ਼ ਅਦਾਲਤ (ਸੈਂਟਰਲ-ਆਈ) ਨੂੰ ਦੱਸਿਆ ਕਿ ਏਜੰਸੀ ਪਿਤਾ ਤੇ ਪੁੱਤਰ ਦੀ ਦੋ ਵਾਂ ਖਿਲਾਫ ਦਰਜ 16 ਅਰਬ ਰੁਪਏ ਦੇ ਮਨੀ ਲਾਂਡ੍ਰਿੰਗ ਕੇਸ ਵਿੱਚ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਚਾਹੁੰਦੀ ਹੈ। ਅਦਾਲਤ ਨੇ ਕੱਲ੍ਹ ਸੁਣਵਾਈ ਦੌਰਾਨ ਏਜੰਸੀ ਦੇ ਵਕੀਲ ਨੇ ਕਿਹਾ ਕਿ ਉਹ ਜਾਂਚ ਦਾ ਹਿੱਸਾ ਨਹੀਂ। ਹਮਜ਼ਾ ਦੇ ਵਕੀਲ ਨੇ ਇਨ੍ਹਾਂ ਦਾਅਵਿਆਂ ਦਾ ਖੰਡਨ ਕੀਤਾ ਅਤੇ ਐਫ ਆਈ ਏ ਉੱਤੇ ਅਦਾਲਤ ਨੂੰ ਗੁੰਮਰਾਹ ਕਰਨ ਦਾ ਦੋਸ਼ ਲਾਇਆ ਹੈ।

ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਦੋਵਾਂ ਨੇਤਾਵਾਂ ਦੇ ਵਕੀਲ ਨੇ ਜਿਰਾਹ ਦੌਰਾਨ ਕਿਹਾ ਕਿ ਐਫ ਆਈ ਏ ਪਿਛਲੇ ਡੇਢ ਸਾਲ ਤੋਂ ਜਾਂਚ ਕਰ ਰਹੀ ਹੈ ਤੇ ਉਹ ਉਨ੍ਹਾਂ ਖਿਲਾਫ ਕੋਈ ਸਬੂਤ ਅਦਾਲਤ ਨੂੰ ਪੇਸ਼ ਕਰਨ ਤੋਂ ਅਸਮਰਥ ਰਹੀ ਹੈ। ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਜਦ ਉਹ ਜੇਲ੍ਹ ਵਿੱਚ ਸਨ, ਓਦੋਂ ਐਫ ਆਈ ਏ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਸੀ।ਰਿਪੋਰਟ ਮੁਤਾਬਕ ਦਸੰਬਰ 2021 ਵਿੱਚ ਏਜੰਸੀ ਨੇ ਚੀਨੀ ਘੋਟਾਲਾ ਕੇਸ ਵਿੱਚ 16 ਅਰਬ ਰੁਪਏ ਦੇ ਫਰਾਡਵਿੱਚ ਸ਼ਾਮਲ ਹੋਣ ਉਤੇ ਅਦਾਲਤ ਵਿੱਚ ਸ਼ਾਹਬਾਜ਼ ਸ਼ਰੀਫ ਤੇ ਹਮਜ਼ਾ ਦੇ ਖਿਲਾਫ ਚਲਾਨ ਦਾਇਰ ਕੀਤਾ ਸੀ। ਐਫ ਈ ਏ ਦੀ ਰਿਪੋਰਟ ਅਨੁਸਾਰ ਟੀਮ ਨੇ ਸ਼ਾਹਬਾਜ਼ ਪਰਵਾਰ ਦੇ 28 ਬੇਨਾਮੀ ਖਾਤਿਆਂ ਦਾ ਪਤਾ ਲਾਇਆ ਹੈ, ਜਿਨ੍ਹਾਂ ਤੋਂ 2008 ਤੋਂ 2018 ਦੌਰਾਨ 16.3 ਅਰਬ ਰੁਪਏ ਦੀ ਮਨੀ ਲਾਂਡ੍ਰਿੰਗ ਕੀਤੀ ਗਈ ਸੀ।

## ਜੋੜਾ ਦਿੱਲੀ ਗਿਆ ਤਾਂ ਨੌਕਰ 16.50 ਲੱਖ ਨਕਦੀ ਤੇ 25 ਤੋਲੇ ਸੋਨਾ ਲੈ ਕੇ ਫਰਾਰ

ਪਾਣੀਪਤ, 5 ਜੂਨ (ਪੋਸਟ ਬਿਊਰੋ)- ਦੇਵੀ ਮੂਰਤੀ, ਕਾਲੋਨੀ ਵਿੱਚ ਨੌਕਰ ਘਰ ਵਿੱਚੋਂ ਸਾਢੇ 16 ਲੱਖ ਰੁਪਏਤੇ ਕਰੀਬ 25 ਤੋਲੇ ਸੋਨਾ ਚੋਰੀ ਕਰ ਕੇ ਲੈ ਗਿਆ। ਮਕਾਨ ਮਾਲਕ ਆਪਣੀ ਪਤਨੀ ਦੇ ਨਾਲ ਕਿਸੇ ਕੰਮ ਦਿੱਲੀ ਗਿਆ ਸੀ। ਨੌਂ ਮਹੀਨੇ ਤੋਂ ਘਰ ਵਿੱਚਕੰਮ ਕਰਦੇ ਯੂ ਪੀ ਦੇ ਰਾਏ ਬਰੇਲੀ ਦੇ ਸ਼ੁਭਮ ਨੂੰ ਘਰ ਛੱਡ ਕੇ ਗਏ ਸਨ। ਵਾਪਸ ਆਏ ਤਾਂ ਨੌਕਰ ਫਰਾਰ ਮਿਲਿਆ। ਘਰ ਵਿੱਚੋਂ ਨਕਦੀ ਅਤੇ ਗਹਿਣੇ ਚੋਰੀ ਮਿਲੇ।

ਇਸ ਬਾਰੇ ਦੇਵੀ ਮੂਰਤੀ ਕਾਲੋਨੀ ਦੇ ਉਮੇਸ਼ ਕੁਮਾਰ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੀ ਪਤਨੀ ਨਾਲ ਘਰ ਵਿੱਚ ਰਹਿੰਦਾ ਹੈ। ਉਸ ਦੀਆਂ ਦੋ ਬੇਟੀਆਂ ਦਿੱਲੀ ਵਿੱਚ ਤੇ ਲੜਕਾ ਅਮਰੀਕਾ ਵਿੱਚ ਹੈ। ਇਸੇ ਕਾਰਨ ਘਰ ਦੀ ਦੇਖਭਾਲ ਲਈ ਇੱਕ ਨੌਕਰ ਸ਼ੁਭਮ ਵਾਸੀ ਰਾਏ ਬਰੇਲੀ ਯੂ ਪੀ ਨੂੰ ਰੱਖਿਆ ਸੀ। ਸ਼ੁੱਕਰਵਾਰ ਸਵੇਰੇ ਕਰੀਬ 8.15 ਵਜੇ ਉਹ ਪਤਨੀ ਨਾਲ ਨਿੱਜੀ ਕੰਮ ਦਿੱਲੀ ਗਏ ਤਾਂ ਦੁਪਹਿਰੇ ਕਰੀਬ ਸਾਢੇ ਤਿੰਨ ਵਜੇ ਜਦ ਵਾਪਸ ਆਏ ਤਾਂ ਦੇਖਿਆ ਕਿ ਘਰ ਦੀ ਪਹਿਲੀ ਮੰਜ਼ਿਲ ਉੱਤੇ ਮੇਨ ਦਰਵਾਜ਼ੇ ਦੇ ਨਾਲ ਵਾਲੀ ਖਿੜਕੀ ਖੁੱਲ੍ਹੀ ਸੀ। ਅੰਦਰ ਜਾ ਕੇ ਦੇਖਿਆ ਤਾਂ ਸਟੋਰ ਤੇ ਅਲਮਾਰੀਆਂ ਵਿੱਚ ਰੱਖੀ ਕਰੀਬ 16.50 ਲੱਖ ਰੁਪਏ ਦੀ ਨਕਦੀ ਸਮੇਤ 20-25 ਤੋਲੇ ਸੋਨਾ ਚੋਰੀ ਹੋ ਗਿਆ ਸੀ ਅਤੇ ਨੌਕਰ ਸ਼ੁਭਮ ਸ਼ਰਮਾ ਵੀ ਲਾਪਤਾ ਸੀ।ਉਮੇਸ਼ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਇਲਾਵਾ ਨੌਕਰ ਸ਼ੁਭਮ ਉਰਫ ਸ਼ਿਵਮ ਨੂੰ ਅਲਮਾਰੀ ਤੇ ਸਟੋਰ ਦੀ ਚਾਬੀ ਦਾ ਪਤਾ ਸੀ। ਇਸ ਲਈ ਉਨ੍ਹਾਂ ਨੂੰ ਯਕੀਨ ਹੈ ਕਿ ਇਹ ਚੋਰੀ ਨੌਕਰ ਸ਼ੁਭਮ ਉਰਫ ਸ਼ਿਵਮ ਨੇ ਸਾਥੀਆਂ ਨਾਲ ਮਿਲ ਕੇ ਕੀਤੀ ਹੈ। ਸਿਟੀ ਥਾਣਾ ਪੁਲਸ ਆਸਪਾਸ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖਣ ਵਿੱਚ ਲੱਗੀ ਹੋਈ ਹੈ।

## ਮੌਲਾਨਾ ਨਾਲ ਬਹਿਸ ਕਰਨ ਵਾਲੇ ਨੂੰ ਭੀੜ ਨੇ ਜ਼ਿੰਦਾ ਸਾੜਿਆ



ਅਬੂਜਾ, 5 ਜੂਨ (ਪੋਸਟ ਬਿਊਰੋ)- ਨਾਈਜੀਰੀਆ ਦੀ ਰਾਜਧਾਨੀ ਅਬੂਜਾ ਵਿੱਚ ਇੱਕ ਮੌਲਾਨਾ ਨਾਲ ਬਹਿਸ ਕਰਨ ਕਰ ਕੇ ਕੱਟੜਪੰਥੀਆਂ ਨੇ ਇੱਕ ਵਿਅਕਤੀ ਨੂੰ ਜ਼ਿੰਦਾ ਸਾੜ ਦਿੱਤਾ ਹੈ।

ਅਬੂਜਾ ਪੁਲਸ ਦੇ ਬੁਲਾਰੇ ਨੇ ਕਿਹਾ ਕਿ ਅਹਿਮਦ ਉਸਮਾਨ ਨਾਂਅ ਦੇ ਵਿਅਕਤੀ ਦੀ ਇੱਕ ਅਣਪਛਾਤੇ ਮੌਲਾਨਾ ਦੇ ਨਾਲ ਕਿਸੇ ਗੱਲ ਬਾਰੇ ਬਹਿਸ ਹੋ ਗਈ। ਇਸ ਤੋਂ ਨਾਰਾਜ਼ ਹੋਏ ਮੌਲਾਨਾ ਨੇ 200 ਤੋਂ ਵੱਧ ਕੱਟੜਪੰਥੀਆਂ ਨੂੰ ਉਥੇ ਸੱਦ ਲਿਆ। ਕੱਟੜਪੰਥੀਆਂ ਨੇ ਪਹੁੰਚਦੇ ਹੀ ਉਸਮਾਨ ਨੂੰ ਬੁਰੀ ਤਰ੍ਹਾਂ ਕੁੱਟਣਾ ਸ਼ੁਰੂ ਕਰ ਦਿੱਤਾ ਅਤੇ ਫਿਰ ਉਸ ਨੂੰ ਜ਼ਿੰਦਾ ਸਾੜ ਦਿੱਤਾ। ਪੁਲਸ ਉਸਮਾਨ ਨੂੰ ਹਸਪਤਾਲ ਲੈ ਕੇ ਗਈ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।

ਪਿਛਲੇ ਮਹੀਨੇ ਇੱਕ ਵਿਦਿਆਰਥਣ ਨੂੰ ਵੀ ਉਸ ਨਾਲ ਪੜ੍ਹਦੇ ਵਿਦਿਆਰਥੀਆਂ ਨੇ ਧਰਮ ਨਿੰਦਾ ਦੇ ਦੋਸ਼ ਹੇਠ ਕੁੱਟ-ਕੁੱਟ ਕੇ ਮਾਰ ਦਿੱਤਾ ਸੀ ਅਤੇ ਉਸ ਦੀ ਲਾਸ਼ ਸਾੜ ਦਿੱਤੀ ਸੀ। ਵੈਸੇ ਨਾਈਜੀਰੀਆ ਇੱਕ ਧਰਮ ਨਿਰਪੱਖ ਦੇਸ਼ ਹੈ, ਪ੍ਰੰਤੂ ਉਤਰੀ ਖੇਤਰ ਵਿੱਚ ਮੁਸਲਿਮ ਬਹੁਗਿਣਤੀ ਹਨ ਅਤੇ ਉਹ ਇਸਲਾਮਿਕ ਸ਼ਰੀਆ ਕਾਨੂੰਨ ਨੂੰ ਮੰਨਦੇ ਹਨ।

## ਅਮਰੀਕਾ ਕੋਲ ਸਭ ਤੋਂ ਵੱਧ ਸੋਨਾ, ਟਾਪ ਟੈਨ ਵਿੱਚ ਭਾਰਤ ਵੀ ਸ਼ਾਮਲ



ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ)- ਦੁਨੀਆ ਦੇ ਉਨ੍ਹਾਂ ਟੌਪ-10 ਦੇਸ਼ਾਂ, ਜਿਨ੍ਹਾਂ ਕੋਲ ਸਭ ਤੋਂ ਵੱਧ ਸੋਨਾ ਹੈ, ਵਿੱਚ ਭਾਰਤ ਵੀ ਸ਼ਾਮਲ ਹੈ। ਦੁਨੀਆ ਦਾ ਸਭ ਤੋਂ ਤਾਕਤਵਰ ਦੇਸ਼ ਅਮਰੀਕਾ ਗੋਲਡ ਰਿਜ਼ਰਵ ਦੇ ਮਾਮਲੇ ਵਿੱਚ ਟੌਪ ਉੱਤੇ ਹੈ। 8133 ਟਨ ਸੋਨੇ ਨਾਲ ਉਨ੍ਹਾਂ ਕੋਲ ਦੁਨੀਆ ਵਿੱਚ ਸਭ ਤੋਂ ਵੱਧ ਗੋਲਡ ਰਿਜ਼ਰਵ ਹੈ।

ਗੋਲਡ ਰਿਜ਼ਰਵ ਮਾਮਲੇ ਵਿੱਚ ਅਮਰੀਕਾ ਤੋਂ ਬਾਅਦ ਵਿੱਚ ਯੂਰਪੀ ਦੇਸ਼ ਜਰਮਨੀ ਦਾ ਨੰਬਰ ਹੈ। ਗੋਲਡ ਹੱਬ ਦੇ ਡਾਟਾ ਮੁਤਾਬਕ ਜਰਮਨੀ ਕੋਲ ਕਰੀਬ 3359 ਟਨ ਸੋਨੇ ਦਾ ਭੰਡਾਰ ਹੈ। ਇਟਲੀ ਗੋਲਡ ਰਿਜ਼ਰਵ ਦੇ ਪੱਖ ਤੋਂ ਦੁਨੀਆ ਵਿੱਚ ਤੀਜੇ ਨੰਬਰ ਉੱਤੇ ਹੈ। ਡਾਟਾ ਮੁਤਾਬਕ ਉਸ ਕੋਲ ਕਰੀਬ 2451 ਟਨ ਸੋਨੇ ਦਾ ਭੰਡਾਰ ਹੈ। ਕੌਮਾਂਤਰੀ ਪੱਧਰ ਉੱਤੇ ਸਭ ਤੋਂ ਵੱਡਾ ਗੋਲਡ ਰਿਜ਼ਰਵ ਰੱਖਣ ਵਿੱਚ ਫਰਾਂਸ ਚੌਥੇ ਨੰਬਰ ਉੱਤੇ ਹੈ। ਉਸ ਦੇ ਕੋਲ ਲਗਭਗ 2436 ਟਨ ਸੋਨਾ ਹੈ। ਮਜ਼ਬੂਤ ਅਰਥਵਿਵਸਥਾ ਵਿੱਚ ਸ਼ਾਮਲ ਰੂਸ ਗੋਲਡ ਰਿਜ਼ਰਵ ਦੇ ਪੱਖ ਤੋਂ ਪੰਜਵੇਂ ਨੰਬਰ ਉੱਤੇ ਹੈ। ਅੰਕੜਿਆਂ ਮੁਤਾਬਕ ਉਨ੍ਹਾਂ ਦੇ ਕੋਲ ਕਰੀਬ 2299 ਟਨ ਗੋਲਡ ਰਿਜ਼ਰਵ ਦਾ ਅਨੁਮਾਨ ਹੈ।

ਚੀਨ ਦਾ ਸਥਾਨ ਗੋਲਡ ਰਿਜ਼ਰਵ ਦੇ ਪੱਖ ਤੋਂ ਵਿੱਚ ਦੁਨੀਆ ਵਿੱਚ ਛੇਵਾਂ ਨੰਬਰ ਹੈ। ਦੁਨੀਆ ਦੀ ਮੈਨੂਫੈਕਚਰਿੰਗ ਹੱਬ ਵਜੋਂ ਮਸ਼ਹੂਰ ਇਸ ਦੇਸ਼ ਕੋਲ ਕਰੀਬ 1948 ਟਨ ਸੋਨੇ ਦਾ ਭੰਡਾਰ ਹੈ। ਦੁਨੀਆ ਦੇ ਖੂਬਸੂਰਤ ਦੇਸ਼ਾਂ ਵਿੱਚ ਸ਼ਾਮਲ ਸਵਿੱਟਜ਼ਰਲੈਂਡ ਸਭ ਤੋਂ ਵੱਧ ਗੋਲਡ ਰਿਜ਼ਰਵ ਰੱਖਣ ਵਾਲੇ ਦੇਸ਼ਾਂ ਵਿੱਚ ਸੱਤਵੇਂ ਨੰਬਰ ਉੱਤੇ ਹੈ। ਇਸ ਦੇ ਭੰਡਾਰ ਵਿੱਚ 1040 ਟਨ ਸੋਨਾ ਹੈ। ਦੁਨੀਆ ਦੇ ਸਭ ਤੋਂ ਵਿਕਸਿਤ ਦੇਸ਼ਾਂ ਵਿੱਚ ਸ਼ਾਮਲ ਜਾਪਾਨ ਗੋਲਡ ਰਿਜ਼ਰਵ ਪੱਖੋਂ ਕਾਫੀ ਮਜ਼ਬੂਤ ਹੈ ਅਤੇ ਕਰੀਬ 845 ਟਨ ਗੋਲਡ ਰਿਜ਼ਰਵ ਨਾਲ ਉਹ ਦੁਨੀਆ ਵਿੱਚ 8ਵੇਂ ਨੰਬਰ ਉੱਤੇ ਹੈ।ਗੋਲਡ ਰਿਜ਼ਰਵ ਦੇ ਮਾਮਲੇ ਵਿੱਚ ਦੁਨੀਆ ਦੇ ਟੌਪ 10 ਦੇਸ਼ਾਂ ਦੀ ਲਿਸਟ ਵਿੱਚ ਭਾਰਤ ਵੀ ਹੈ। ਉਹ ਆਪਣੇ ਭੰਡਾਰ ਵਿੱਚ 743.83 ਟਨ ਸੋਨਾ ਜਮ੍ਹਾ ਕਰ ਕੇ 9ਵੇਂ ਨੰਬਰ ਉੱਤੇ ਹੈ। ਟਿਊਲਿਪ ਫੀਲਡ, ਪੌਣ ਚੱਕੀਆਂ, ਨਹਿਰਾਂ ਆਦਿ ਲਈ ਮਸ਼ਹੂਰ ਉਤਰ-ਪੱਛਮੀ ਯੂਰਪ ਦਾ ਦੇਸ਼ ਨੀਦਰਲੈਂਡ ਗੋਲਡ ਰਿਜ਼ਰਵ ਪੱਖੋਂ ਦੁਨੀਆ ਵਿੱਚ 10ਵੇਂ ਥਾਂ ਹੈ। ਉਸ ਕੋਲ ਕਰੀਬ 612 ਟਨ ਸੋਨਾ ਹੈ।

## ਕਸ਼ਮੀਰ ਘਾਟੀ ਵਿੱਚ ਕਸ਼ਮੀਰੀ ਪੰਡਤਾਂ ਦੀ ਤਬਾਦਲਾ ਸੂਚੀ ਜਨਤਕ ਕੀਤੇ ਜਾਣ ਉੱਤੇ ਹੰਗਾਮਾ



ਸ੍ਰੀਨਗਰ, 5 ਜੂਨ (ਪੋਸਟ ਬਿਊਰੋ)- ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਸਰਕਾਰ ਵੱਲੋਂ ਕਸ਼ਮੀਰੀ ਪੰਡਿਤ ਟੀਚਰਾਂ ਅਤੇ ਹੋਰ ਵਿਭਾਗਾਂ ਦੇ ਮੁਲਾਜ਼ਮਾਂ ਨੂੰ ਸੁਰੱਖਿਅਤ ਸਥਾਨਾਂ ਉੱਤੇ ਟਰਾਂਸਫਰ ਕਰਨ ਦੇ ਫੈਸਲੇ ਪਿੱਛੋਂ ਕੱਲ੍ਹ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਵੱਡਾ ਵਿਵਾਦ ਪੈਦਾ ਹੋ ਗਿਆ ਹੈ।

ਵਰਨਣ ਯੋਗ ਹੈ ਕਿ ਘਾਟੀ ਵਿੱਚ ਮਿਥ ਕੇ ਕੀਤੇਜਾਂਦੇ ਕਤਲਾਂ ਵਿੱਚ ਵਾਧੇ ਦੇ ਮੱਦੇਨਜ਼ਰ ਸਰਕਾਰ ਨੇ ਕਸ਼ਮੀਰੀ ਪੰਡਤਾਂ ਦੇ ਟਰਾਂਸਫਰ ਸਬੰਧੀ ਜਾਣਕਾਰੀ ਵੱਖ-ਵੱਖ ਸਰਕਾਰੀ ਵੈਬਸਾਈਟਾਂ ਉੱਤੇ ਅਪਲੋਡ ਕੀਤੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਕਸ਼ਮੀਰ ਦੀ ਸਥਿਤੀ ਉੱਤੇ ਨਵੀਂ ਦਿੱਲੀ ਵਿੱਚ ਕਈ ਬੈਠਕਾਂ ਕਰਨ ਦੇ ਇੱਕ ਦਿਨ ਬਾਅਦ ਟਰਾਂਸਫਰ ਦੇ ਇਹ ਹੁਕਮ ਜਾਰੀ ਕੀਤੇ ਗਏ ਸਨ। ਇਸ ਫੈਸਲੇ ਦੇ ਬਾਅਦ ਕਸ਼ਮੀਰੀ ਪੰਡਤਾਂ ਨੇ ਸਰਕਾਰ ਉੱਤੇ ਨਵੀਂ ਜਗ੍ਹਾ ਉੱਤੇ ਟਰਾਂਸਫਰ ਦੀ ਜਾਣਕਾਰੀ ਨੂੰ ਜਨਤਕ ਕਰਨ ਦਾ ਦੋਸ਼ ਲਾਇਆ ਹੈ, ਜੋ ਉਨ੍ਹਾਂ ਦੀ ਸੁਰੱਖਿਆ ਲਈ ਖਤਰਨਾਕ ਹੋ ਸਕਦਾ ਹੈ। ਇੱਕ ਕਸ਼ਮੀਰੀ ਪੰਡਿਤ ਨੇ ਕਿਹਾ, ''ਅਸੀਂ ਕਸ਼ਮੀਰ ਤੋਂ ਬਾਹਰ ਟਰਾਂਸਫਰ ਚਾਹੁੰਦੇ ਹਾਂ, ਪ੍ਰੰਤੂ ਇਹ ਦੁਖਦਾਈ ਹੈ ਕਿ ਸਰਕਾਰ ਨੇ ਟਰਾਂਸਫਰ ਸੂਚੀ ਜਨਤਕ ਕਰ ਦਿੱਤੀ ਹੈ। ਕੀ ਇਹ ਗੰਭੀਰ ਗਲਤੀ ਨਹੀਂ?''

ਭਾਜਪਾ ਨੇ ਕਸ਼ਮੀਰੀ ਪੰਡਤਾਂ ਦੀ ਤਬਾਦਲਾ ਸੂਚੀ ਨੂੰ ਸੋਸ਼ਲ ਮੀਡੀਆ ਉੱਤੇ ਅਪਲੋਡ ਕਰਨ ਨੂੰ ਸੁਰੱਖਿਆ ਵਿੱਚ ਵੱਡੀ ਗਲਤੀ ਦੱਸਿਆ ਹੈ।ਜੰਮੂ-ਕਸ਼ਮੀਰਭਾਜਪਾ ਦੇ ਬੁਲਾਰੇ ਅਲਤਾਫ ਠਾਕੁਰ ਨੇ ਕਿਹਾ ਕਿ ਸੋਸ਼ਲ ਮੀਡੀਆ ਉੱਤੇ ਤਬਾਦਲਿਆਂ ਦੀ ਸੂਚੀ ਨੂੰ ਜਨਤਕ ਕਰਨਾ ਸੁਰੱਖਿਆ ਵਿੱਚ ਇੱਕ ਵੱਡੀ ਉਲੰਘਣਾ ਹੈ ਕਿਉਂਕਿ ਦਹਿਸ਼ਤਗਰਦਾਂ ਨੂੰ ਇਸ ਗੱਲ ਦਾ ਅੰਦਾਜ਼ਾ ਹੋ ਜਾਏਗਾ ਕਿ ਕੌਣ ਕਿੱਥੇ ਤੈਨਾਤ ਹੈ। ਉਨ੍ਹਾਂ ਨੇ ਕਿਹਾ ਕਿ ਇਸ ਕਾਰੇ ਵਿੱਚ ਸ਼ਾਮਲ ਅਧਿਕਾਰੀਆਂ ਨੂੰ ਫਿਟਕਰ ਲਾਈ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਕਸ਼ਮੀਰੀ ਪੰਡਤਾਂ ਦੀ ਸੁਰੱਖਿਆ ਦੇ ਗੰਭੀਰ ਕਦਮ ਚੁੱਕ ਰਹੀ ਹੈ, ਪ੍ਰੰਤੂ ਕੁਝ ਅਧਿਕਾਰੀ ਇਸ ਕੰਮ ਨੂੰ ਵਿਗਾੜ ਰਹੇ ਹਨ।

## ਭਾਰਤੀ ਰੇਲਵੇ ਦਾ ਨਵਾਂ ਐਲਾਨ, ਜ਼ਿਆਦਾ ਸਮਾਨ ਲੈ ਕੇ ਸਫ਼ਰ ਕਰਨ ਉੱਤੇ ਛੇ ਗੁਣਾ ਜੁਰਮਾਨਾ ਲਗੇਗਾ



ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ)- ਭਾਰਤੀ ਰੇਲਵੇ ਭਵਿੱਖ ਵਿੱਚ ਮਨਜ਼ੂਰਸ਼ੁਦਾ ਸੀਮਾ ਤੋਂ ਵੱਧ ਸਾਮਾਨ ਲਿਜਾਣ ਉੱਤੇ ਯਾਤਰੀਆਂਨੂੰ ਭਾਰੀ ਜੁਰਮਾਨਾ ਲਾਏਗਾ। ਇਸ ਬਾਰੇ ਦੱਸਿਆ ਗਿਆ ਹੈ ਕਿ ਜੇ ਤੁਸੀਂ ਬੁਕਿੰਗ ਕਰਾਏ ਬਿਨਾਂ ਵਾਧੂ ਸਮਾਨ ਲਿਜਾਂਦੇ ਫੜੇ ਜਾਂਓ ਤਾਂ ਤੁਹਾਨੂੰ ਆਮ ਦਰਾਂ ਤੋਂ ਛੇ ਗੁਣਾ ਜੁਰਮਾਨਾ ਭਰਨਾ ਪਵੇਗਾ।

ਵਰਨਣ ਯੋਗ ਹੈ ਕਿ ਰੇਲਵੇ ਦੇ ਨਿਯਮਾਂ ਮੁਤਾਬਕ ਯਾਤਰੀ ਜਿਸ ਸ਼੍ਰੇਣੀ ਵਿੱਚ ਸਫ਼ਰ ਕਰ ਰਿਹਾ ਹੈ, ਉਸ ਉੱਤੇ ਨਿਰਭਰ ਕਰਦਾ ਹੈ ਕਿ ਯਾਤਰੀ 40 ਕਿੱਲੋ ਤੋਂ 70 ਕਿਲੋ ਤੱਕ ਭਾਰੀ ਸਾਮਾਨ ਟਰੇਨ ਦੇ ਡੱਬੇ ਵਿੱਚ ਲਿਜਾ ਸਕਦਾ ਹੈ ਪਰ ਜੇ ਇਸ ਤੋਂ ਵੱਧ ਸਾਮਾਨ ਲਿਜ-ਾਇਆ ਜਾਂਦਾ ਹੈ ਤਾਂ ਵਾਧੂ ਚਾਰਜ ਲੱਗ ਸਕਦਾ ਹੈ। ਭਾਰਤੀ ਰੇਲਵੇ ਮੁਤਾਬਕ ਹਰ ਵਰਗ ਲਈ ਮਾਲ ਢੋਣ ਦੀ ਇੱਕ ਨਿਸ਼ਚਿਤ ਹੱਦ ਹੈ।ਜੇ ਤੁਸੀਂ ਸਲੀਪਰ ਕੋਚ ਵਿੱਚ ਸਫ਼ਰ ਕਰਦੇ ਹੋ ਤਾਂ ਤੁਸੀਂ 40 ਕਿਲੋ ਤੱਕ ਸਾਮਾਨ ਨਾਲ ਸਫ਼ਰ ਕਰ ਸਕਦੇ ਹੋ ਅਤੇ ਜੇ ਤੁਸੀਂ ਏਸੀ-2 ਟੀਅਰ ਵਿੱਚ ਸਫ਼ਰ ਕਰਦੇ ਹੋ ਤਾਂ ਤੁਸੀਂ 50 ਕਿਲੋ ਤੱਕ ਸਾਮਾਨ ਲੈ ਜਾ ਸਕਦੇ ਹੋ, ਜਦੋਂ ਕਿ ਫ਼ਸਟ ਕਲਾਸ ਵਿੱਚ ਯਾਤਰੀ 70 ਕਿਲੋ ਤੱਕ ਦਾ ਸਾਮਾਨ ਲਿਜਾ ਸਕਦੇ ਹਨ।ਆਈ ਆਰ ਸੀ ਟੀ ਸੀ (ਭਾਰਤੀ ਰੇਲਵੇ ਟੂਰਿਜ਼ਮ ਕਾਰਪੋਰੇਸ਼ਨ) ਦੇ ਨਵੇਂ ਨਿਯਮਾਂ ਮੁਤਾ-ਬਕ ਜੇ 40 ਕਿਲੋਗ੍ਰਾਮ ਤੋਂ ਵੱਧ ਸਾਮਾਨ ਕੋਈ ਲੈ ਕੇ ਜਾਵੇ ਤਾਂ ਉਸ ਨੂੰ 500 ਕਿਲੋਮੀਟਰ ਯਾਤਰਾ ਉੱਤੇ 654 ਰੁਪਏ ਜੁਰਮਾਨਾ ਭਰਨਾ ਪਵੇਗਾ।

## ਅਮਰੀਕਾ ਵਿੱਚ ਡਾਕਟਰ ਤੇ ਨਰਸਾਂ ਉਤੇ ਚਾਕੂ ਨਾਲ ਹਮਲਾ

ਲਾਸ ਏਂਜਲਸ, 5 ਜੂਨ (ਪੋਸਟ ਬਿਊਰੋ)- ਅਮਰੀਕਾ ਵਿੱਚ ਬੀਤੇ ਕੁਝ ਦਿਨਾਂ ਤੋਂ ਹਿੰਸਕ ਵਾਰਦਾਤਾਂ ਵਿੱਚ ਤੇਜ਼ੀ ਆਈ ਹੈ। ਟੈਕਸਾਸ ਦੇ ਇੱਕ ਸਕੂਲ ਵਿੱਚ ਬੀਤੇ ਦਿਨੀਂ ਹੋਈ ਗੋਲੀਬਾਰੀ ਵਿੱਚ 19 ਵਿਦਿਆਰਥੀਆਂ ਸਮੇਤ 23 ਲੋਕਾਂ ਦੀ ਮੌਤ ਦਾ ਮਾਮਲਾ ਅਜੇ ਠੰਢਾ ਨਹੀਂ ਪਿਆ ਕਿ ਦੱਖਣੀ ਕੈਲੇਫੋਰਨੀਆ ਦੇ ਇੱਕ ਹਸਪਤਾਲ ਦੇ ਐਮਰਜੈਂਸੀ ਵਾਰਡ ਵਿੱਚ ਇੱਕ ਨੌਜਵਾਨ ਨੇ ਡਾਕਟਰ ਅਤੇ ਦੋ ਨਰਸਾਂ ਉੱਤੇ ਚਾਕੂ ਨਾਲ ਹਮਲਾ ਕਰ ਦਿੱਤਾ। ਤਿੰਨਾਂ ਜ਼ਖਮੀਆਂ ਨੂੰ ਗੰਭੀਰ ਹਾਲਤ ਵਿੱਚ ਟਰਾਮਾ ਸੈਂਟਰ ਵਿੱਚ ਭਰਤੀ ਕਰਵਾਇਆ ਗਿਆ ਹੈ।ਓਧਰ ਚੈਸਟਰਫੀਲਡ ਦੇ ਰਿਚਮੰਡ ਦੇ ਨੇੜੇ ਇੱਕ ਘਰੇਲੂ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੀ ਜਾਨ ਚਲੀ ਗਈ ਤੇ ਪੰਜ ਹੋਰ ਜ਼ਖਮੀ ਹੋ ਗਏ।

ਲਾਸ ਏਂਜਲਸ ਪੁਲਸ ਨੇ ਦੱਸਿਆ ਕਿ ਹਮਲਾਵਰ ਸ਼ਾਮ ਛੇ ਵਜੇ ਦੇ ਨੇੜੇ ਏਸਿੰਨੋ ਹਸਪਤਾਲ ਮੈਡੀਕਲ ਸੈਂਟਰ ਵਿੱਚ ਆਇਆ ਅਤੇ ਉਸ ਨੇ ਕਾਰ ਸੜਕ ਵਿਚਾਲੇ ਖੜ੍ਹੀ ਕਰ ਦਿੱਤੀ ਅਤੇ ਐਮਰਜੈਂਸੀ ਵਾਰਡ ਵਿੱਚ ਦਾਖਲ ਹੋ ਗਿਆ। ਉਸ ਨੇ ਮੌਜੂਦ ਡਾਕਟਰਾਂ ਨੂੰ ਇਲਾਜ ਕਰਨ ਲਈ ਕਿਹਾ। ਇਸ ਤੋਂ ਪਹਿਲਾਂ ਕਿ ਡਾਕਟਰ ਅਤੇ ਨਰਸਾਂ ਕੁਝ ਸਮਝਦੇ, ਉਸ ਨੇ ਚਾਕੂ ਕੱਢ ਕੇ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ। ਗ੍ਰਿਫਤਾਰੀ ਤੋਂ ਪਹਿਲਾਂ ਹਮਲਾਵਰ ਉਹ ਕਰੀਬ ਚਾਰ ਘੰਟੇ ਤਕ ਹਸਪਤਾਲ ਦੇ ਕਮਰੇ ਵਿੱਚ ਲੁਕਿਆ ਰਿਹਾ।

ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ
ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

# ਭਾਰਤ ਵਿੱਚ ਬਿੰਦੂ ਨਾਂਅ ਦੀ ਔਰਤ ਪਹਿਲੀ ਸੈੱਲਫ ਮੈਰਿਜ ਕਰੇਗੀ



ਅਹਿਮਦਾਬਾਦ, 5 ਜੂਨ (ਪੋਸਟ ਬਿਊਰੋ)- ਭਾਰਤ ਵਿੱਚ ਸਵੈ ਵਿਆਹ ਦੇ ਸ਼ਾਇਦ ਪਹਿਲੇ ਮਾਮਲੇ ਵਜੋਂ ਗੁਜਰਾਤ ਦੇ ਵਡੋਦਰਾ ਸ਼ਹਿਰ ਵਿੱਚ 24 ਸਾਲ ਦੀ ਇੱਕ ਲੜਕੀ ਅਗਲੀ 11 ਜੂਨ ਨੂੰ ਖੁਦ ਦੇ ਨਾਲ ਸ਼ਾਦੀ ਰਚਾਵੇਗੀ।

ਮੂਲ ਰੂਪ ਵਿੱਚ ਬਿਹਾਰ ਦੀ ਅਤੇ ਅੱਜਕੱਲ੍ਹ ਗੁਜਰਾਤ ਦੇ ਬਡੋਦਰਾ ਦੀ ਰਹਿਣ ਵਾਲੀ ਸ਼ਮਾ ਬਿੰਦੂ ਕਹਿੰਦੀ ਹੈ ਕਿ ਉਹ ਖੁਦ ਨੂੰ ਪਿਆਰ ਕਰਦੀ ਹੈ। ਪਹਿਲਾਂ ਉਨ੍ਹਾਂ ਨੂੰ ਆਪਣੇ ਆਪ ਨਾਲ ਸ਼ਾਦੀ ਬਾਰੇ ਪਤਾ ਨਹੀਂ ਸੀ, ਪਰ ਉਹ ਬਚਪਨ ਤੋਂ ਹੀ ਉਮਰ ਭਰ ਲਈ ਇਕੱਲੇ ਯਾਨੀ ਆਪਣੇ ਆਪ ਦੇ ਨਾਲ ਰਹਿਣ ਬਾਰੇ ਸੋਚਿਆ ਕਰਦੀ ਸੀ। ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ ਕਿ ਜਦੋਂ ਉਨ੍ਹਾਂ ਨੇ ਛੋਟੇ ਤਿਆਗੇ ਹੋਏ ਬੱਚਿਆਂ, ਲਿੰਗ ਅਸਮਾਨਤਾ ਅਤੇ ਅਜਿਹੇ ਹੋਰ ਸਮਾਜਿਕ ਮੁੱਦਿਆਂ ਉੱਤੇ ਆਧਾਰਿਤ ਚਰਚਿਤ ਕੈਨੇਡਾਈ ਵੈੱਬ ਸੀਰੀਜ਼ 'ਐਨੀ ਵਿਦ ਐਨ ਈ' ਦੇਖੀ ਤਾਂ ਉਨ੍ਹਾਂ ਨੂੰ ਵੀ ਸਵੈ ਵਿਆਹ ਦਾ ਖਿਆਲ ਆਇਆ, ਖਾਸ ਤੌਰ ਉੱਤੇ ਜਦੋਂ ਉਨ੍ਹਾਂ ਨੇ ਇਸ ਵੈਬ ਸੀਰੀਜ ਵਿਚਲਾ ਇਹ ਡਾਇਲਾਗ ਕਿ 'ਹਰ ਔਰਤ ਲਾੜੀ ਬਣਨਾ ਚਾਹੁੰਦੀ ਹੈ, ਪਰ ਪਤਨੀ ਨਹੀਂ' ਸੁਣਿਆ ਤਾਂ ਉਨ੍ਹਾਂ ਨੂੰ ਇਹ ਲੱਗਾ ਕਿ ਉਹ ਵੀ ਇਹੋ ਚਾਹੁੰਦੀ ਹੈ। ਉਹ ਵੀ ਕਿਸੇ ਲਾੜੇ ਦੇ ਬਗੈਰ ਦੁਲਹਨ ਬਣ ਸਕਦੀ ਹੈ। ਉਸ ਦੀ ਇਹ ਸੋਚ ਕਈ ਲੋਕਾਂ ਨੂੰ ਹੈਰਾਨੀ ਵਾਲੀ ਲੱਗਦੀ ਹੈ।

ਸਥਾਨਕ ਸਆਜੀ ਰਾਵ ਯੂਨੀਵਰਸਿਟੀ ਤੋਂ ਸੋਸ਼ਿਆਲੋਜੀ ਵਿੱਚ ਗਰੈਜੂਏਸ਼ਨ ਕਰਨ ਵਾਲੀ ਬਿੰਦੂ ਇਥੇ ਗੋਤਰੀ ਇਲਾਕੇ ਵਿੱਚ ਰਹਿੰਦੀ ਹੈ ਅਤੇ ਇੱਕ ਨਿੱਜੀ ਕੰਪਨੀ ਵਿੱਚ ਸੀਨੀਅਰ ਰਿਕਰੂਟਰ ਵਜੋਂ ਉੱਤੇ ਕੰਮ ਕਰਦੀ ਹੈ। ਉਨ੍ਹਾਂ ਦੇ ਪਿਤਾ ਦੱਖਣੀ ਅਫਰੀਕਾ ਅਤੇ ਮਾਂ ਤੇ ਭੈਣ ਅਹਿ-ਮਦਾਬਾਦ ਰਹਿੰਦੇ ਹਨ। ਉਹ ਪਿਛਲੇ ਚਾਰ ਸਾਲ ਤੋਂ ਵਡੋਦਰਾ ਵਿੱਚ ਰਹਿ ਰਹੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸ਼ਾਦੀ ਸਥਾਨਕ ਮਹਾਦੇਵ ਮੰਦਿਰ ਵਿੱਚ ਭਾਰਤੀ ਪਰੰਪਰਾ ਤੇ ਰੀਤੀ ਰਿਵਾਜ਼ ਨਾਲ ਹੋਵੇਗੀ। ਫੇਰੇ ਸਮੇਤ ਸਾਰੀਆਂ ਰਸਮਾਂ ਹੋਣਗੀਆਂ, ਪਰ ਲਾੜਾ ਨਹੀਂ ਹੋਵੇਗਾ। ਇੱਕ ਪ੍ਰਸ਼ਨ ਦੇ ਉਤਰ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਾਣਕਾਰੀ ਵਿੱਚ ਅਜਿਹੀ ਕੋਈ ਸ਼ਾਦੀ ਭਾਰਤ ਵਿੱਚ ਅੱਜ ਤੱਕ ਨਹੀਂ ਹੋਈ ਅਤੇ ਅਜਿਹੀ ਸ਼ਾਦੀ ਦੇ ਕਾਨੂੰਨੀ ਪੱਖਾਂ ਦੀ ਵੀ ਉਨ੍ਹਾਂ ਨੂੰ ਜਾਣਕਾਰੀ ਨਹੀਂ, ਪਰ ਅੱਜ ਤੱਕ ਦੁਨੀਆ ਵਿੱਚ ਅਜਿਹੀਆਂ ਅੱਠ ਸ਼ਾਦੀਆਂ ਹੋ ਚੁੱਕੀਆਂ ਹਨ।

# ਬਾਈਡਨ ਨੇ ਕਾਂਗਰਸ ਨੂੰ ਮਾਰੂ ਹਥਿਆਰਾਂ ਉੱਤੇ ਪਾਬੰਦੀ ਲਈ ਕਿਹਾ

ਸੈਕਰਾਮੈਂਟੋ, 5 ਜੂਨ (ਪੋਸਟ ਬਿਊਰੋ)- ਅਮਰੀਕਾ ਵਿੱਚ ਵਧਦੀਆਂ ਗੋਲੀਬਾਰੀ ਦੀਆਂ ਘਟਨਾਵਾਂ ਦੌਰਾਨ ਰਾਸ਼ਟਰਪਤੀ ਜੋਅ ਬਾਈਡਨ ਨੇ ਕਾਂਗਰਸ (ਪਾਰਲੀਮੈਂਟ) ਨੂੰ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਉਹ ਅਸਾਲਟ ਹਥਿਆਰਾਂ ਤੇ ਉਚ ਸਮਰੱਥਾ ਵਾਲੇ ਮੈਗਜੀਜ਼ਨ ਉਪਰ ਪਾਬੰਦੀ ਲਾ ਦੇਵੇ।

ਪਿਛਲੇ ਤਿੰਨ ਹਫ਼ਤਿਆਂ ਦੀਆਂ ਗੋਲੀਬਾਰੀ ਦੀਆਂ ਤਿੰਨ ਵੱਡੀਆਂ ਘਟਨਾਵਾਂ ਦਾ ਸੇਕ ਝੱਲਦੇ ਅਮਰੀਕੀਆਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖ ਕੇ ਰਾਸ਼ਟਰਪਤੀ ਜੋਅ ਬਾਈਡਨ ਨੇ ਵਾਈਟ ਹਾਊਸ ਤੋਂ ਆਪਣੇ ਸੰਬੋਧਨ ਵਿੱਚ ਇਹ ਕਿਹਾ ਕਿ ਕੋਲੰਬੀਨ, ਸੈਂਡੀ ਹੁਕ, ਚਾਰਸਲਟਨ, ਓਰਲੈਂਡੋ, ਲਾਲ ਵੇਗਾਸ ਤੇ ਪਾਰਲੈਂਡ ਦੀਆਂ ਘਟਨਾਵਾਂ ਪਿੱਛੋਂ ਕੁਝ ਨਹੀਂ ਹੋਇਆ ਪਰ ਇਸ ਵਾਰ ਅਜਿਹਾ ਨਹੀਂ ਹੋਵੇਗਾ। ਰਾਸ਼ਟਰਪਤੀ ਨੇ ਕਿਹਾ ਕਿ ਜੇ ਕਾਂਗਰਸ ਅਸਾਲਟ ਹਥਿਆਰਾਂ ਉਤੇ ਪਾਬੰਦੀ ਨਹੀਂ ਲਾ ਸਕਦੀ ਤਾਂ ਉਹ ਏਦਾਂ ਦੇ ਹਥਿਆਰ ਖਰੀਦਣ ਦੀ ਉਮਰ ਹੱਦ 18 ਤੋਂ ਵਧਾ ਕੇ 21 ਸਾਲ ਕਰ ਦੇਵੇ। ਉਨ੍ਹਾਂ ਕਿਹਾ ਕਿ ਹਥਿਆਰ ਖਰੀਦਣ ਵਾਲਿਆਂ ਦੇ ਪਿਛੋਕੜ ਦਾ ਪਤਾ ਲਾਉਣ ਦੇ ਕਾਨੂੰਨ ਸਖ਼ਤ ਕਰਨ ਦੇ ਕਾਨੂੰਨ ਪਾਸ ਕੀਤੇ ਜਾਣ।



ਰਾਸ਼ਟਰਪਤੀ ਦਾ ਇਹ ਬਿਆਨ ਬੁਫੈਲੋ, ਨਿਊਯਾਰਕ ਦੀ ਸੁਪਰਮਾਰਕੀਟ, ਉਵਾਲਡੇ ਦੇ ਐਸੀਮੈਂਟਰੀ ਸਕੂਲ ਤੇ ਟੁਲਸਾ, ਓਕਲਾਹੋਮਾ ਦੇ ਮੈਡੀਕਲ ਸੈਂਟਰ ਵਿੱਚ ਹੋਈਆਂ ਭਿਆਨਕ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਪਿੱਛੋਂ ਆਇਆ ਹੈ। ਉਨ੍ਹਾ ਨੇ ਗੰਨ ਕੰਟਰੋਲ ਉੱਤੇ ਜ਼ੋਰ ਦਿੰਦਿਆਂ ਬੁਫੈਲੋ ਤੇ ਉਵਾਲਡੇ ਵਿੱਚ ਪੀੜਤ ਪਰਵਾਰਾਂ ਨਾਲ ਬਿਤਾਏ ਪਲਾਂ ਦਾ ਜ਼ਿਕਰ ਵੀ ਕੀਤਾ ਤੇ ਕਿਹਾ ਕਿ ਉਨ੍ਹਾਂ ਅਤੇ ਫਸਟ ਲੇਡੀ ਜਿਲ ਬਾਈਡਨ ਨੇ ਉਨ੍ਹਾਂ ਉਦਾਸ ਤੇ ਦਿੱਲ ਟੁੱਟੇ ਚੇਹਰਿਆਂ ਨੂੰ ਵੇਖਿਆ ਹੈ, ਜੋ ਗੋਲੀਬਾਰੀ ਵਿੱਚ ਆਪਣੇ ਪਿਆਰਿਆਂ ਨੂੰ ਗੁਆ ਚੁੱਕੇ ਹਨ। ਰਾਸ਼ਟਰਪਤੀ ਨੇ ਕਿਹਾ ਕਿ ਅਸੀਂ ਸੈਂਕੜੇ ਪਰਵਾਰਕ ਮੈਂਬਰਾਂ ਨਾਲ ਕਈ ਘੰਟੇ ਬਿਤਾਏ ਹਨ, ਜਿਨ੍ਹਾਂ ਦੇ ਜੀਵਨ ਪਹਿਲਾਂ ਵਰਗੇ ਕਦੀ ਵੀ ਨਹੀਂ ਬਣ ਸਕਣਗੇ। ਉਨ੍ਹਾਂ ਨੂੰ ਹਮੇਸ਼ਾਂ ਆਪਣੇ ਵਿਛੜ ਚੁੱਕੇ ਪਿਆਰਿਆਂ ਦੀ ਯਾਦ ਸਤਾਵੇਗੀ। ਇਨ੍ਹਾਂ ਪਰਵਾਰਾਂ ਨੇ ਸਾਨੂੰ ਸਾਰਿਆਂ ਨੂੰ ਇੱਕ ਸੁਨੇਹਾ ਦਿੱਤਾ ਹੈ ਕਿ ਰੱਬ ਦਾ ਵਾਸਤਾ ਹੈ ਕੁਝ ਤਾਂ ਕਰੋ। ਡੈਮੋਕਰੈਟਸ ਨੇ ਸੈਮੀ ਆਟੋਮਾਟਿਕ ਰਾਈਫਲਾਂ ਖਰੀਦਣ ਲਈ ਉਮਰ ਹੱਦ ਵਧਾ ਕੇ 18 ਸਾਲ ਤੋਂ 21 ਸਾਲ ਕਰਨ ਸਮੇਤ ਗੰਨ ਕੰਟਰੋਲ ਲਈ ਬਿੱਲ ਲਿਆਂਦੇ ਹਨ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ


## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ


## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**


WWW.KULWINDERCHHINA.COM
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

You can Place Your Business Here (905)793-2202
To Reach Wider Audience
For more info Call 905-793-2202 or e-mail ads@punjabipost.ca

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ




# ਸੀ ਬੀ ਆਈ ਨੇ ਗਵਾਹ ਮਰੀ ਦੱਸੀ, ਉਹ ਕੋਰਟ ਵਿੱਚ ਆਣ ਪਹੁੰਚੀ

## * ਵਿਸ਼ੇਸ਼ ਅਦਾਲਤ ਨੇ ਸੀ ਬੀ ਆਈ ਤੋਂ ਸਪੱਸ਼ਟੀਕਰਨ ਮੰਗਿਆ

ਮੁਜ਼ੱਫਰਨਗਰ, 5 ਜੂਨ (ਪੋਸਟ ਬਿਊਰੋ)- ਸਿਵਾਨ ਦੇ ਪੱਤਰਕਾਰ ਰਾਜਦੇਵ ਰੰਜਨ ਕਤਲ ਕੇਸ ਵਿਚ ਕੱਲ੍ਹ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਪੁਨੀਤ ਕੁਮਾਰ ਗਰਗ ਦੀ ਵਿਸ਼ੇਸ਼ ਕੋਰਟ (ਐਮ ਪੀ/ਐਮ ਐਲ ਏ) ਵਿੱਚ ਸੀ ਬੀ ਆਈ ਉਦੋਂ ਹੈਰਾਨ ਰਹਿ ਗਈ, ਜਦੋਂ ਉਸ ਵੱਲੋਂ ਮ੍ਰਿਤਕ ਐਲਾਨੀ ਗਈ ਗਵਾਹ ਬਾਦਾਮੀ ਦੇਵੀ ਪੇਸ਼ ਹੋ ਗਈ ਤੇ ਉਸ ਨੇ ਕੋਰਟ ਵਿੱਚ ਮੌਜੂਦਗੀ ਪੱਤਰ ਅਤੇ ਆਧਾਰ ਕਾਰਡ ਜਮ੍ਹਾਂ ਕਰਵਾ ਕੇ ਖ਼ੁਦ ਨੂੰ ਜ਼ਿੰਦਾ ਦੱਸਿਆ।

ਬਾਦਾਮੀ ਦੇਵੀ ਨੇ ਕੋਰਟ ਨੂੰ ਦੱਸਿਆ ਕਿ ਰਾਜਦੇਵ ਰੰਜਨ ਕਤਲ ਕੇਸ ਵਿੱਚ ਸੀ ਬੀ ਆਈ ਨੇ ਉਸ ਨੂੰ ਗਵਾਹ ਬਣਾਇਆ ਸੀ। ਉਹ ਸਿਵਾਨ ਦੇ ਕਸੇਰਾ ਟੋਲੀ ਵਿੱਚ ਰਹਿੰਦੀ ਹੈ। ਸੀ ਬੀ ਆਈ ਦੇ ਕਿਸੇ ਅਫਸਰ ਨੇ ਉਸ ਨਾਲ ਸੰਪਰਕ ਨਹੀਂ ਕੀਤਾ ਤੇ ਮ੍ਰਿਤਕ ਐਲਾਨ ਕਰ



ਕੇ ਕੋਰਟ ਵਿੱਚ ਰਿਪੋਰਟ ਪੇਸ਼ ਕਰ ਦਿੱਤੀ। ਵਿਸ਼ੇਸ਼ ਅਦਾਲਤ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਅਤੇ ਸੀ ਬੀ ਆਈ ਤੋਂ ਸਪੱਸ਼ਟੀਕਰਨ ਮੰਗਿਆ ਹੈ, ਜਿਸ ਦੀ ਸੁਣਵਾਈ 20 ਜੂਨ ਨੂੰ ਹੋਵੇਗੀ।

ਸੀ ਬੀ ਆਈ ਨੇ ਗਵਾਹੀ ਦੇਣ ਲਈ ਬਾਦਾਮੀ ਦੇਵੀ ਤੇ ਸਿਵਾਨ ਵਾਸੀ ਸਕਲਦੇਵ ਨੂੰ ਵਿਸ਼ੇਸ਼ ਅਦਾਲਤ ਤੋਂ ਸੰਮਨ ਜਾਰੀ ਕਰਾਇਆ ਸੀ। 25 ਮਈ ਨੂੰ ਸੀ ਬੀ ਆਈ ਨੇ ਰਿਪੋਰਟ ਦਿੱਤੀ ਕਿ ਬਾਦਾਮੀ ਦੇਵੀ ਦੀ ਮੌਤ ਹੋ ਗਈ ਤੇ ਸਕਲਦੇਵ ਦੀ ਜਨਵਰੀ 2021 ਵਿੱਚ ਗਵਾਹੀ ਹੋ ਚੁੱਕੀ ਹੈ, ਇਸ ਲਈ ਗਵਾਹੀ ਤੋਂ ਦੋਵਾਂ ਦੇ ਨਾਂ ਕੱਢਣ ਦੀ ਗੱਲ ਕਹਿ ਕੇ ਸੰਮਨ ਕੋਰਟ ਨੂੰ ਵਾਪਸ ਕਰ ਦਿੱਤਾ ਸੀ। ਬਾਦਾਮੀ ਦੇਵੀ ਇਸ ਕਤਲ ਕੇਸ ਦੀ ਮੁੱਖ ਰਾਜ਼ਦਾਰ ਹੈ। 13 ਮਈ 2016 ਨੂੰ ਸਿਵਾਨ ਰੇਲਵੇ ਸਟੇਸ਼ਨ ਨੇੜੇ ਪੱਤਰਕਾਰ ਰਾਜਦੇਵ ਰੰਜਨ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਸੀ ਬੀ ਆਈ ਸਿਵਾਨ ਦੇ ਸਾਬਕਾ ਪਾਰਲੀਮੈਂਟ ਮੈਂਬਰ ਸ਼ਹਾਬੂਦੀਨ ਸਣੇ ਅੱਠ ਮੁਲਜ਼ਮਾਂ ਦੇ ਖਿਲਾਫ ਵਿਸ਼ੇਸ਼ ਅਦਾਲਤ ਵਿੱਚ ਦੋਸ਼ ਪੱਤਰ ਦਾਖ਼ਲ ਕਰ ਚੁੱਕੀ ਹੈ ਅਤੇ ਇਸ ਦੌਰਾਨ ਸ਼ਹਾਬੂਦੀਨ ਦੀ ਮੌਤ ਹੋ ਚੁੱਕੀ ਹੈ।

